

ਰੱਬ
ਹਰਭਜਨ ਸਿੰਘ ਭੱਗੀ
ਰੱਬ
ਹਰਭਜਨ ਸਿੰਘ ਭੱਗੀ




# ਰੱਬ

ਹਰਭਜਨ ਸਿੰਘ ਭੱਜੀ

ਪ੍ਰਕਾਸ਼ਕ :

**ਸਿੱਖ ਨੈਸ਼ਨਲ ਐਜੂਕੇਸ਼ਨਲ ਐਂਡ ਕਲਚਰਲ ਔਰਗੇਨਾਈਜ਼ੇਸ਼ਨ**

**7720-ਲੌਰੇਨ ਐਵੈਨਿਊ, 107 ਸਟਾਕਟਨ ਕੈਲੇਫੋਰਨੀਆ 95207**

©
Publishers

RABB *(Punjabi)*
(A Collection of Poems)
*by*
HARBHAJAN SINGH BHAJJI

1999
ਪਹਿਲੀ ਵਾਰ : 500
ਮੁੱਲ : 200/- ਰੁਪਏ

Published by Sikh Educational and Cultural Organization, 7720, Lorraine Avenue, # 107, Stockton, CA 95207 and printed at Pearl Books Pvt. Ltd. Patiala.

# ਮੁਖ ਬੰਧ

ਇਹ ਮੇਰੀਆਂ ਕਵਿਤਾਵਾਂ ਦਾ ਤੀਸਰਾ ਸੰਗ੍ਰਿਹ ਹੈ। ਪਹਿਲੀਆਂ ਦੋ ਕਿਤਾਬਾਂ ਨੂੰ ਪਾਠਕਾਂ ਨੇ ਪਿਆਰ ਨਾਲ ਕਬੂਲ ਕੀਤਾ ਤੇ ਮੇਰੀ ਹੌਂਸਲਾ ਅਫਜ਼ਾਈ ਕੀਤੀ। ਕਈ ਸੁਲਝੇ ਹੋਏ ਸਜਣਾਂ ਨੇ ਚੰਗੇ ਚੰਗੇ ਸੁਝਾਅ ਵੀ ਦਿਤੇ। ਉਹਨਾਂ ਦੀ ਹਲਾਸ਼ੇਰੀ ਦੇ ਸਦਕੇ ਹੀ ਮੈਂ ਇਹ ਤੀਸਰੀ ਕਿਤਾਬ ਤੁਹਾਡੇ ਸਾਹਮਣੇ ਲਿਆ ਰਿਹਾ ਹਾਂ।

'ਰੱਬ' ਬਾਰੇ ਗੱਲ ਕਰਨੀ ਇਕ ਬਹੁਤ ਹੀ ਵੱਡਾ ਵਿਸ਼ਾ ਹੈ। ਇਹ ਉਨਾ ਵੱਡਾ ਵਿਸ਼ਾ ਹੈ ਜਿਨਾ ਵੱਡਾ ਉਹ ਖੁਦ ਆਪ। ਜਿਸਦਾ ਕੋਈ ਉਰਲਾ ਜਾਂ ਪਰਲਾ ਬੰਨਾ ਨਾ ਹੋਵੇ। ਜਿਸ ਦਾ ਕੋਈ ਖਾਸ ਚੇਹਰਾ ਨਾ ਹੋਵੇ। ਕੀ ਕੋਈ ਉਹਦੇ ਬਾਰੇ ਦੱਸ ਸਕਦਾ ਹੈ। ਜੇ ਕੋਈ ਸੰਤ ਮਹਾਤਮਾ ਜਾਂ ਕੋਈ ਗੁਣੀ ਗਿਆਨੀ ਉਹਦੇ ਬਾਰੇ ਲਿਖੇ ਤਾਂ ਭੀ ਲੋਕਾਂ ਨੂੰ ਉਮੀਦ ਹੁੰਦੀ ਹੈ ਕਿ ਕੋਈ ਉਹਦੇ ਬਾਰੇ ਥੋਹੜਾ ਬਹੁਤ ਪਤਾ ਲਗੂ। ਜੇ ਕੋਈ ਮੇਰੇ ਵਰਗਾ ਆਮ ਜਿਹਾ ਬੰਦਾ ਉਠਕੇ ਉਹਦੇ ਬਾਰੇ ਕਿਤਾਬ ਲਿਖ ਦੇਵੇ ਤਾਂ ਇਹ ਗੱਲ ਹਾਸੋ ਹੀਣੀ ਜਹੀ ਲਗਦੀ ਹੈ ਇਹ ਤਾਂ ਇੰਜ ਹੈ ਜਿਵੇਂ ਕੋਈ ਚੋਥੀ ਪੰਜਵੀਂ 'ਚ ਪੜ੍ਹਦਾ ਬੱਚਾ ਬੀ. ਏ., ਐਮ. ਏ ਵਾਲਿਆਂ ਵਾਸਤੇ ਕਿਤਾਬ ਲਿਖਣ ਲੱਗ ਜਾਵੇ।

ਮੇਰਾ ਇਸ ਕਿਤਾਬ ਨੂੰ ਲਿਖਣ ਦਾ ਇਹ ਮਤਲਬ ਨਹੀਂ ਕਿ ਮੈਨੂੰ ਰੱਬ ਮਿਲ ਗਿਆ ਹੈ ਤੇ ਮੈਨੂੰ ਪਤਾ ਹੈ ਉਹ ਕਿੱਥੇ ਹੈ। ਹਾਲੇ ਮਿਲਿਆ ਤਾਂ ਨਹੀਂ ਪਰ ਮੈਨੂੰ ਐਨਾ ਕੁ ਪਤਾ ਲਗ ਗਿਆ ਹੈ ਕਿ ਉਹ ਕਿੱਥੇ ਹੈ? ਉਹ ਹਰ ਇਕ ਇਨਸਾਨ ਦੇ ਦਿਲ ਵਿਚ ਰਹਿੰਦਾ ਹੈ।

ਜਿਵੇਂ ਹਰ ਇਨਸਾਨ ਦੀ ਇਹ ਇੱਛਾ ਰਹਿੰਦੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਕਰਤੇ ਨੂੰ ਮਿਲੇ। ਮੇਰੀ ਭੀ ਇਹੋ ਇੱਛਾ ਹੈ। ਇਸੇ ਇੱਛਾ ਦੇ ਕਾਰਨ ਦਿਲ ਵਿਚ ਕਈ ਵਲਵਲੇ ਉਠੇ ਜੋ ਕਵਿਤਾਵਾਂ ਦਾ ਰੂਪ ਧਾਰਕੇ ਕਾਗਜ਼ ਤੇ ਉਤਰ

ਆਏ। ਇਹ ਮੇਰੀਆਂ ਕਵਿਤਾਵਾਂ ਪਿਛਲੇ ਦਹਾਕੇ ਵਿਚ ਵਖ ਵਖ ਵਕਤ ਤੇ ਲਿਖੀਆਂ ਗਈਆਂ ਹਨ। ਅਣਚਾਹੇ ਹੀ ਕਈ ਵਾਰ ਕੁਛ ਲਫਜ਼ ਜਾਂ ਲਾਈਨਾਂ ਦੁਹਰਾਈਆਂ ਗਈਆਂ ਜੋ ਕਿ ਕਿਸੇ ਹੋਰ ਕਵਿਤਾ ਵਿਚ ਭੀ ਸਨ। ਇਸਦਾ ਇਹਸਾਸ ਮੈਨੂੰ ਹੁਣ ਹੋਇਆ ਜਦੋਂ ਸਭ ਨੂੰ ਵਖੋ ਵਖ ਕਾਪੀਆਂ ਚੋਂ ਕਢਕੇ ਇਕ ਥਾਂ ਇਕੱਠਾ ਕੀਤਾ ਸ਼ਾਇਦ ਪਾਠਕਾਂ ਨੂੰ ਭੀ ਇਹ ਕੁਛ ਅੱਖਰੇ। ਇਸ ਦੀ ਮਾਫੀ ਚੌਹਦਾ ਹਾਂ।

ਇਹਨਾਂ ਵਿਚ ਜੋ ਤੁਹਾਨੂੰ ਚੰਗਾ ਲਗਾ ਉਹ ਗੁਰੂ ਮਹਾਰਾਜ ਦਾ ਕਿਹਾ ਮੰਨਕੇ ਕਬੂਲ ਕਰ ਲੈਣਾ। ਜੋ ਪਸੰਦ ਨਾ ਆਵੇ ਉਹ ਮੇਰਾ ਹੈ। ਇਹਨੂੰ ਪੜ੍ਹਕੇ ਅਗਰ ਇਕ ਵੀ ਜੀਵ ਉਹਦੀ ਰਾਹ ਤੇ ਤੁਰ ਪਿਆ ਤਾਂ ਮੈਂ ਸਮਝਾਂਗਾ ਮੇਰਾ ਇਹ ਉਪਾ ਸਫਲ ਹੈ।

ਬਾਕੀ ਜਿਹਨਾਂ ਸਜਣਾਂ ਨੇ ਅਣਮੁੱਲੀਆਂ ਸਲਾਹਾਂ ਦਿਤੀਆਂ ਤੇ ਇਕੱਠੇ ਖਰੜੇ ਨੂੰ ਪੜ੍ਹਿਆ ਮੇਰੀਆਂ ਗਲਤੀਆਂ ਨੂੰ ਸੁਧਾਰਿਆ ਤੇ ਛਾਪਣ ਵਿਚ ਮੇਰੀ ਮਦਦ ਕੀਤੀ ਮੈਂ ਉਹਨਾਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਤੁਹਾਡੇ ਸੁਝਾ ਸਿਰ ਮਥੇ। ਉਮੀਦ ਹੈ ਇਸਨੂੰ ਭੀ ਤੁਸੀਂ ਕਬੂਲ ਕਰੋਗੇ।

*ਤੁਹਾਡਾ ਦਾਸ*

***ਹਰਭਜਨ ਸਿੰਘ ਭਜੀ***

# ਤਤਕਰਾ


| | | |
|---|---|---|
| 1. | ਰੱਬ | 1 |
| 2. | ਤੂੰ ਹੀ ਤੂੰ | 39 |
| 3. | ਰੱਬ ਦੀ ਗਲ | 44 |
| 4. | ਰੱਬ ਦੇ ਘਰ ਦਾ ਰਾਹ | 46 |
| 5. | ਰੱਬ ਤੇ ਮੈਂ | 49 |
| 6. | ਮੈਂ ਤੇ ਮੈਂ | 58 |
| 7. | ਮੈਂ ਤੇ ਕੁੱਤਾ | 63 |
| 8. | ਵਰਖਾ | 68 |
| 9. | ਦੁਨੀਆਂ | 71 |
| 10. | ਮਿਟੀ ਦਾ ਪੁਤਲਾ | 73 |
| 11. | ਗੀਤਾਂ ਦਾ ਸਮੁੰਦਰ | 75 |
| 12. | ਤੇਰੀ ਯਾਦ | 78 |
| 13. | ਮੇਹਰ | 85 |
| 14. | ਜ਼ਿੰਦਗੀ ਦਾ ਦੀਵਾ | 87 |
| 15. | ਪਾਪੀ | 89 |
| 16. | ਜ਼ਿੰਦਗੀ ਦਾ ਖੂਹ | 91 |
| 17. | ਅਗ ਦਾ ਚੋਲਾ | 93 |
| 18. | ਅਰਘ | 94 |
| 19. | ਮੇਰਾ ਮਨ | 95 |
| 20. | ਵਣਜਾਰੇ | 99 |

21. ਐ ਮੇਰੇ ਮਨ 102
22. ਨਿਮਾਣ 104
23. ਨਿਮਰਤਾ 106
24. ਝੂਠੇ ਰਿਸ਼ਤੇ 108
25. ਤ੍ਰਿਹਾਈ ਰੂਹ 109
26. ਫਿਕਰ 111
27. ਬੰਦਾ 114
28. ਤਿੜਕਿਆ ਘੜਾ 116
29. ਅਨਹਦ ਨਾਦ 118
30. ਚੇਰਾ 121
31. ਅਰਦਾਸ 123
32. ਪਾਟੀ ਝੋਲੀ 125
33. ਗੁਆਚੀ ਜਿੰਦਗੀ 127
34. ਕਰਮ 128
35. ਤਰਲੇ 130
36. ਅਰਜੋਈ 137
37. ਤੇਰੀ ਦੁਨੀਆਂ 138
38. ਹੈਸੀਅਤ 140
39. ਮੌਤ ਦਾ ਖੂਹ 145
40. ਤਾਂਘ 148
41. ਵਡੇ ਰੋਗ 150
42. ਤੀਸਰੀ ਅੱਗ 153
43. ਮਹਿਲ 156
44. ਸੁੱਤੀ ਆਤਮਾ 158
45. ਪਿੰਡ 162
46. ਖੇਤੀ 164
47. ਬੇੜੀ 165
48. ਗੁਰੂ ਮਾਨਿਓ ਗਰੰਥ 167




# ਰੱਬ

"ਆਪੁ ਆਪਨੀ ਬੁਧਿ ਹੈ ਜੇਤੀ ॥
ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥"

ਇਸ ਦੁਨਿਆ ਦੀ
ਸਾਰ ਨਾ ਪੂਰੀ
ਕੀ ਜਾਣਾ ਉਸ ਪਾਰ ਦੀਆਂ ਗੱਲਾਂ ॥

ਛਲਕ ਰਹੀਆਂ
ਜੋ ਮੇਰੇ ਦਿਲ ਵਿਚ
ਇਹ ਤਾਂ ਹਨ ਉਹ ਦਿਲ ਦੀਆਂ ਛੱਲਾਂ ॥

ਲਿਖਕੇ ਇਹਨਾਂ ਨੂੰ
ਕਾਗਜ ਉੱਤੇ
ਮੈ ਤਾਂ ਆਪਣੇ ਦਿਲ ਨੂੰ ਠੱਲਾਂ ॥

ਸ਼ਾਇਦ ਇਸੇ ਬਹਾਨੇ
ਕੋਈ ਗਲ ਉਹਦੀ
ਅਣਜਾਣੇ ਹੀ ਤੁਹਾਡੇ ਵਲ ਘੱਲਾਂ ॥

ਜਿਹਦਾ ਹੁਣ ਤਾਈਂ ਕੀਤਾ
ਸਾਰੇ ਜਗ ਨੇ
ਮੈਂ ਭੀ ਕਰਨ ਲੱਗਾਂ ਹਾਂ ਉਹਦਾ ਜ਼ਿਕਰ ॥

ਕਿਤੇ ਕੁਛ
ਵਧ ਘਟ ਨ ਕਹਿ ਜਾਵਾਂ
ਇਸ ਗਲ ਦਾ ਹੈ ਮੈਨੂੰ ਫਿਕਰ ॥

ਉਹਨੂੰ ਜਾਨਣ ਦੀ
ਕੋਸ਼ਿਸ਼ ਕੀਤੀ
ਹੁਣ ਤਕ ਕਈ ਸਿਆਣੇ ॥

ਅੰਤ ਨੂੰ
ਸਭ ਨੇ ਇਕੋ ਆਖੀ
ਉਹਦੀਆਂ ਓਹ ਹੀ ਜਾਣੇ ॥

ਮੈਂ ਭੀ ਫੜ
ਇਹ ਗੁੰਝਲਦਾਰ ਗਲੋਟਾ
ਇਹਦੀਆਂ ਗੁੰਝਲਾਂ ਕਢਣ ਬਹਿ ਗਿਆ

ਲਭਿਆ ਨਾ
ਮੈਨੂੰ ਸਿਰਾ ਧਾਗੇ ਦਾ
ਉਲਝਣਾਂ ਵਿਚ ਉਲਝ ਕੇ ਰਹਿ ਗਿਅ

ਕਿਥੇ ਹੈ ਰੱਬ?
ਕਿਵੇਂ ਹੈ ਮਿਲਣਾ?
ਦੇ ਨਹੀਂ ਸਕਦਾ
ਤੁਹਾਨੂੰ ਇਹ ਸਿਖਿਆ ॥

ਪਰ ਜੋ ਕੁਛ
ਮੇਰੀ ਸਮਝ ਵਿਚ ਆਇਆ
ਉਹਦੇ ਬਾਰੇ
ਉਹ ਹੀ ਮੈਂ ਲਿਖਿਆ ॥

ਹੁਣ ਤਾਈਂ
ਪੜਣ ਸੁਨਣ ਦੇ ਮਗਰੋਂ
ਜੋ ਭੀ ਮੇਰੇ ਦਿਮਾਗ 'ਚ



ਇਸ ਮੇਰੀ
ਤੁਛ ਬੁੱਧੀ ਅੰਦਰ
ਜੋ ਭੀ ਦਾਤਾ
ਤੂੰ ਖੁਦ ਹੈ ਪਾਇਆ ॥

ਅਜ ਕਲਮ
ਮੈਂ ਫੜਕੇ ਆਪਣੀ
ਕਰਨ ਲਗਾ ਹਾਂ ਤੇਰਾ ਬਿਆਨ ॥

ਅਣਜਾਣੇ ਹੀ
ਕੁਛ ਕਹਿ ਨਾ ਜਾਵਾਂ
ਇਸ ਗਲ ਦਾ ਰਖਿਆ ਹੈ ਧਿਆਨ ॥
ਜੋ ਤੂੰ ਚਾਹੇਂ
ਮੈਥੋਂ ਲਿਖਾ ਲੈਣਾ ਦਾਤਾ
ਉਹੀ ਮੇਰੇ ਦਿਮਾਗ 'ਚ ਪਾਈਂ ॥
ਮੇਹਰ ਰਖੀਂ
ਮੇਰੇ ਸਿਰ ਸਾਈਆਂ
ਕਿਤੇ ਵਿਚਾਲੇ ਛਡ ਨਾ ਜਾਈਂ ॥

## 2

ਰੱਬ ਕੀ ਹੈ?
ਉਹ ਜੜ ਹੈ
ਜਾਂ ਉਹ ਜੀ ਹੈ?
ਉਹ ਔਰਤ ਹੈ
ਜਾਂ ਉਹ ਮਰਦ ਹੈ?
ਉਹ ਦਿਆਲੂ ਹੈ
ਜਾਂ ਉਹ ਬੇਦਰਦ ਹੈ?

ਉਹਦਾ ਕੋਈ ਪਿਉ
ਜਾਂ ਕੋਈ ਮਾਂ ਹੈ?
ਲੋਕਾਂ ਨੇ
ਕਿਉਂ ਰਖੇ
ਉਹਦੇ ਐਨੇ ਨਾਂ ਹੈ?

ਉਹ ਕਿਥੇ ਰਹਿੰਦਾ ਹੈ
ਕੀ ਹੈ ਉਹਦਾ ਟਿਕਾਣਾ?
ਕੀ ਕਰਨਾ ਪੈਂਦਾ ਹੈ
ਜੇ ਕੋਈ ਚਾਹੇ ਉਹਨੂੰ ਪਾਣਾ?

ਕੀ ਉਹ ਭੀ
ਆਮ ਲੋਕਾਂ ਦੀ ਤਰਾਂ
ਡਰੌਂਦਾ ਤੇ ਡਰਦਾ ਹੈ?
ਕੀ ਉਹ ਭੀ
ਜੰਮਦਾ ਤੇ ਮਰਦਾ ਹੈ?

ਇਸ ਤਰਾਂ ਦੇ
ਕਈ ਸਵਾਲਾਂ ਦਾ
ਜਵਾਬ ਦੇਂਦੇ ਨੇ
ਜਦੋਂ ਕੋਈ ਗਿਆਨੀ ਕਰਦਾ ਹੈ ਕਥਾ ॥
ਕੀ ਭਲਾ ਉਸ ਬਾਰੇ
ਕੋਈ ਦਸ ਸਕਦਾ ਹੈ
ਜਿਸਦਾ ਨਹੀਂ
ਕੋਈ ਮੂੰਹ ਤੇ ਮੱਥਾ।

ਬਾਪ ਦੇ
ਜਨਮ ਦੇ ਬਾਰੇ
ਪੁਤ ਸਿਰਫ ਅੰਦਾਜ਼ਾ ਲਾਵੇ ਗਾ ॥
ਉਹ ਹੀ ਦਸੇਗਾ
ਜੋ ਭੀ ਉਹਨੂੰ ਸਮਝ ਆਵੇਗਾ ॥

**3**
ਕੋਈ ਆਖੇ
ਜੇ ਰਬ ਨੂੰ ਮਿਲਣਾ
ਖਾਹ ਪੀਰਾਂ ਦੀਆਂ ਦਰਗਾਹ 'ਚ ਧੱਕੇ ॥
ਉਨੀ ਦੇਰ ਤਕ
ਤੈਨੂੰ ਰਬ ਨਹੀਂ ਮਿਲਣਾ
ਜਿੰਨੀ ਦੇਰ ਤਕ ਨਾ ਜਾਊ ਮੱਕੇ ॥



ਰਹਿਣਾ ਪੈਂਦਾ
ਤੁਹਾਨੂੰ ਸ਼ਰਹਾ ਮੁਤਾਬਿਕ
ਬਣਕੇ ਮੁਸਲਮਾਨ ਹੈ ਪੱਕੇ ॥
ਪੰਜ ਨਿਵਾਜਾਂ
ਪੰਜ ਵਾਰ ਦਿਹਾੜੀ
ਸੱਚਾ ਮੁਸਲਮਾਨ ਨਾ ਕਰਦਾ ਅੱਕੇ ॥

ਕੋਈ ਆਖੇ
ਰੱਬ ਹੈ ਬੈਠਾ
ਪਹਾੜਾਂ ਵਿਚ ਗੁਫਾ ਦੇ ਅੰਦਰ ॥
ਉਹਨੂੰ ਜੇ ਤੁਸੀਂ
ਲਭਣਾ ਚਾਹੋ
ਨਿਤ ਜਾਓ ਸ਼ਿਵਜੀ ਦੇ ਮੰਦਰ ॥

ਬਿਨ ਸਮਝੇ
ਮੰਤਰ ਨੂੰ ਪੜ੍ਹਕੇ
ਕਰੋ ਤੁਸੀਂ ਪੱਥਰਾਂ ਦੀ ਪੂਜਾ ॥
ਇਕ ਦੇਵਤੇ ਨੂੰ
ਸਦਾ ਧਿਔਣਾ
ਮੰਨਣਾ ਨਹੀਂ ਦੇਵਤਾ ਦੂਜਾ ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਰਖੋ ਤੁਸੀਂ ਸਦਾ ਭਗਵਾਂ ਭੇਸ ॥
ਕੋਈ ਆਖੇ
ਮੁੰਡਨ ਕਰਵਾ ਲੋ
ਕੋਈ ਆਖੇ ਤੁਸੀਂ ਰਖੋ ਕੇਸ ॥

ਕੋਈ ਕਹੇ
ਤੜਕੇ ਉਠ ਨਾਹਵੋ
ਕੋਈ ਕਹੇ ਤੁਸੀਂ ਨੌਹਣਾ ਨਹੀਂ ॥
ਜੋ ਜੀ
ਤੁਹਾਡੇ ਸ਼ਰੀਰ ਤੇ ਵਸਦੇ

ਉਹਨਾਂ ਨੂੰ ਵਖਤ 'ਚ ਪੌਣਾ ਨਹੀਂ ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਮਾਇਆ ਨੂੰ ਤੁਸੀਂ ਛੂਹਣਾ ਨਹੀਂ
ਇਹ ਜ਼ਹਿਰ ਤਾਂ
ਮਨ ਨੂੰ ਜਾਲੇ
ਇਸ ਨਾਲ ਮਨ ਨੂੰ ਲੂਹਣਾ ਨਹੀਂ ॥

ਮੈਂ ਹੈ ਬੜੀ
ਤਪਸਿਆ ਕੀਤੀ
ਕਰ ਦੇਵੋ ਇਹਨੂੰ ਮੇਰੇ ਹਵਾਲੇ ॥
ਮੈਨੂੰ ਪਤਾ
ਇਹ ਕਿੰਝ ਕਾਬੂ ਕਰਨੀ
ਮੈਂ ਜਾਣਾ ਸਭ ਇਹਦੇ ਚਾਲੇ ॥

ਕੋਈ ਆਖੇ
ਕਰੋ ਜੰਗਲੀਂ ਵਾਸਾ
ਛਡ ਦੇਵੋ ਅਪਣੇ ਘਰ ॥
ਰੱਬ ਤੁਹਾਨੂੰ
ਮਿਲ ਜਾਵੇਗਾ
ਜੇਕਰ ਸਕੇ ਤੁਸੀਂ ਇਹ ਕਰ ॥
ਆਹ ਮੰਤਰ
ਤੁਸੀਂ ਪੜ੍ਹਦੇ ਰਹਿਣਾ
ਜੇਕਰ ਤੁਹਾਨੂੰ ਲਗੇ ਡਰ ॥
ਰੱਬ ਤੁਹਾਨੂੰ
ਉਦੋਂ ਮਿਲੇਗਾ
ਜਦੋਂ ਲਏ ਤੁਸੀਂ ਤਸੀਹੇ ਜਰ ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਆਓ ਤੁਸੀਂ ਮੇਰੇ ਪਾਸ ॥
ਸਿਧੀ ਗਲ ਬਾਤ ਹੈ



ਰੱਬ ਨਾਲ ਮੇਰੀ
ਮੈਂ ਹਾਂ ਉਹਦਾ ਬੰਦਾ ਖਾਸ ॥
ਜੋ ਭੀ ਮੱਥਾ
ਮੈਨੂੰ ਟੇਕੋਗੇ
ਅਗਾਂਹ ਰਖਣਾ ਦਸ ਗੁਣਾਂ ਦੀ ਆਸ ॥
ਪਰ ਯਕੀਨ
ਤੁਹਾਨੂੰ ਚਾਹੀਦਾ ਮੇਰੇ ਤੇ
ਹੋਣਾ ਨਹੀਂ ਤੁਸੀਂ ਕਦੇ ਨਿਰਾਸ ॥
ਜੋ ਮੈਂ ਕਹਾਂ
ਕਰੀ ਉਹ ਜਾਣਾ
ਛਡਣੀ ਨਹੀਂ ਮਿਲਣ ਦੀ ਆਸ ॥
ਕਈ ਲੋਕਾਂ ਨੂੰ
ਮੈਂ ਰਬ ਦਿਖਾਇਆ
ਸਬੂਤ ਸਾਰੇ ਹਨ ਮੇਰੇ ਪਾਸ ॥

ਸੁਣੋ ਨਾ
ਐਵੇਂ ਦੁਨੀਆਂ ਦੀਆਂ ਗੱਲਾਂ
ਧਾਰ ਲਵੋ ਬਸ ਮੈਨੂੰ ਗੁਰੂ ॥
ਅੱਜ ਤੋਂ
ਆਪਣੀ ਕਮਾਈ ਵਿਚੋਂ
ਕਰ ਦਿਓ ਕਢਣਾ
ਮੇਰਾ ਹਿੱਸਾ ਸ਼ੁਰੂ ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਤੁਹਾਨੂੰ ਚਾਹੀਦਾ ਐਸਾ ਮਸੀਹਾ ॥
ਤੁਹਾਡੀ ਖਾਤਿਰ
ਜੋ ਸਲੀਬ ਤੇ ਚੜ੍ਹਿਆ
ਝਲਿਆ ਹੋਵੇ ਜਿਸ ਨੇ ਹਰ ਤਸੀਹਾ ॥

ਕੋਈ ਆਖੇ
ਜੇ ਰੱਬ ਨੂੰ ਮਿਲਣਾ
ਔਰਤ ਤੋਂ ਤੁਸੀਂ ਰਹਿਣਾ ਦੂਰ ॥

ਉਹਦੇ ਨਾਲ
ਕਦੇ ਅੰਗ ਨਾ ਲੌਣਾ
ਚਾਹੇ ਹੋਵੇ ਉਹ ਬਸਰੇ ਦੀ ਹੂਰ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਮਰਨੇ ਲਈ ਤੁਸੀਂ ਰਹੋ ਤਿਆਰ ॥
ਰਹਿੰਦੇ ਹੁੰਦਿਆਂ ਭੀ
ਇਸ ਜਗ ਉੱਤੇ
ਪੌਣਾ ਨਹੀਂ ਕਿਸੇ ਨਾਲ ਪਿਆਰ ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਜਾਕੇ ਨਾਹ ਤੂੰ ਗੰਗਾ ॥
ਕਪੜਾ ਨਾ
ਕੋਈ ਪਾਈਂ ਤਨ ਤੇ
ਸਦਾ ਰਹੀ ਤੂੰ ਨੰਗਾ ॥
ਕੋਈ ਆਖੇ
ਜੇ ਰਬ ਨੂੰ ਮਿਲਣਾ
ਕਰ ਹਰ ਕੰਮ ਤੂੰ ਚੰਗਾ ॥
ਸਾਧ ਭਾਵੇਂ ਹੋਵੇ
ਕਿਹੋ ਜਿਹਾ ਭੀ
ਲਈਂ ਨਾ ਐਵੇਂ ਸਾਧਾਂ ਨਾਲ ਪੰਗਾ ॥

ਕੋਈ ਆਖੇ
ਜੇ ਰੱਬ ਨੂੰ ਮਿਲਣਾ
ਪਿੰਡੇ ਮਲ ਲੈ ਸਵਾਹ ॥
ਹਵਾ ਉੱਤੇ ਹੀ
ਤੂੰ ਕਰ ਗੁਜ਼ਾਰਾ
ਰੋਕਕੇ ਰਖੀਂ ਸਾਹ ॥

ਜਿੰਨੇ ਲੋਕੀ
ਇਸ ਦੁਨਿਆ ਤੇ



ਸਭ ਨੇ ਦਸੇ
ਵਖੋ ਵਖਰੇ ਢੰਗ ॥
ਕੋਈ ਪੀਕੇ
ਬਹਿ ਗਿਆ ਤਾੜੀ
ਕੋਈ ਪੀਕੇ ਬਹਿ ਗਿਆ ਭੰਗ ॥

ਕਿਸੇ ਨੇ ਭਾ
ਬੜੇ ਮਹਿੰਗੇ ਰਖੇ
ਕਿਸੇ ਨੇ ਰਖੇ ਸਸਤੇ ॥
ਕਿਸੇ ਨੇ ਰਾਹ
ਵਿੰਗੇ ਟੇਡੇ ਦਸੇ
ਕਿਸੇ ਨੇ ਸਿਧੇ ਰਸਤੇ ॥

ਧਰਮਾਂ ਦੇ ਨਾਂ ਤੇ
ਪਾਕੇ ਬਹਿ ਗਏ
ਲੋਕ ਵਖੋ ਵਖਰੀਆਂ ਹੱਟੀਆਂ ॥
ਹਰ ਕੋਈ
ਧਰਮਾਂ ਦੇ ਨਾਂ ਤੇ
ਖਾ ਰਿਹਾ ਹੈ ਇਹਨਾਂ ਦੀਆਂ ਖੱਟੀਆਂ ॥

4
ਲੋਕਾਂ ਨੇ
ਨਾਂ ਲੱਖਾਂ ਰਖੇ
ਪਰ ਉਹਦਾ ਆਪਣਾ ਕੋਈ ਨਾਂ ਨਹੀਂ ॥
ਜਿਸ ਜਗਾਹ ਤੇ
ਉਹ ਨਾ ਹੋਵੇ
ਐਸੀ ਕੋਈ ਥਾਂ ਨਹੀਂ ॥

ਇਕ ਓਂਕਾਰ ਹੈ ਉਹ ॥
ਸਿਰਫ ਨਿਰੰਕਾਰ ਹੈ ਉਹ ॥

ਬਸ ਰਬ ਤਾਂ
ਇਕੋ ਇਕ ਹੈ

ਉਹਦੇ ਵਰਗਾ
ਹੋਰ ਨਾ ਕੋਈ ॥
ਉਹ ਹਮੇਸ਼ਾ
ਕਰੇ ਆਪਣੀ ਮਰਜ਼ੀ
ਉਹਦੇ ਅਗੇ ਜ਼ੋਰ ਨਾ ਕੋਈ ॥
ਨਾਂ ਉਹਦਾ ਹੈ
ਸਭ ਤੋਂ ਸੱਚਾ ॥
ਇਹ ਗਲ ਜਾਣੇ
ਹਰ ਬੁੱਢਾ ਬੱਚਾ ॥

ਕਿਸੇ ਦੀ
ਕਦੇ ਸਲਾਹ ਨਾ ਪੁੱਛੇ
ਆਪਣੀ ਮਰਜੀ ਸਦਾ ਹੈ ਕਰਦਾ ॥
ਕਿਸੇ ਦੀ
ਉਹਨੂੰ ਪਰਵਾਹ ਨਾ ਕੋਈ
ਉਹ ਨਹੀਂ ਕਿਸੇ ਦੇ ਕੋਲੋਂ ਡਰਦਾ ॥
ਚਾਹੇ ਕੋਈ ਹੋਵੇ
ਰਾਜਾ ਜੱਗ ਦਾ
ਹਰ ਕੋਈ ਉਹਦਾ ਪਾਣੀ ਭਰਦਾ ॥

ਨਾ ਹੀ ਉਹਦਾ
ਕੋਈ ਸੱਜਣ ਮਿੱਤਰ
ਨਾ ਹੀ ਉਹਦਾ ਕਿਸੇ ਨਾਲ ਵੈਰ ॥
ਸਾਰੇ ਜੀ ਉਹਦੇ ਨੇ ਅਪਣੇ
ਉਹਦੇ ਲਈ ਨਹੀਂ ਕੋਈ ਗੈਰ ॥
ਜੋ ਭੀ
ਉਹਦੇ ਦਰ ਤੇ ਔਂਦਾ
ਪੌਂਦਾ 'ਉਹੋ' ਸਭ ਨੂੰ ਖੈਰ ॥

ਖੁਦ ਹੀ ਤੋਂ
ਖੁਦ ਪੈਦਾ ਹੋਇਆ
ਉਹ ਜੰਮਦਾ ਨਾ ਮਰਦਾ ॥
ਦੇਖ ਰਿਹਾ ਹੈ





ਉਹ ਖੇਡ ਇਹ ਸਾਰੀ
ਬੈਠਾ ਲਾਕੇ ਪਰਦਾ ॥

ਹੰਢੌਂਦਾ ਹੈ
ਉਹ ਚੌਰਾਸੀ ਲਖ ਜੂਨਾਂ
ਪਰ ਆਪਣੀ ਉਹਦੀ ਕੋਈ ਜੂਨ ਨਹੀਂ ॥
ਜੜ ਭੀ ਉਹ ਹੈ
'ਜੀ' ਭੀ ਉਹ ਹੈ
ਪਰ ਰਗਾਂ ਉਹਦੀਆਂ ਵਿਚ ਖੂਨ ਨਹੀਂ ॥

ਹਰ ਇਕ ਸ਼ਕਲ ਦੇ
ਵਿਚ ਉਹ ਵਸਦਾ
ਪਰ ਆਪਣੀ ਉਹਦੀ ਨਹੀਂ ਕੋਈ ਸੂਰਤ ॥
ਜਿਸਦਾ ਕੋਈ ਆਕਾਰ ਨਾ ਹੋਵੇ
ਉਸ ਅਕਾਲ ਪੁਰਖ ਦੀ
ਬਸ ਐਸੀ ਹੈ ਮੂਰਤ ॥

ਭਟਕਦਾ ਰਹਿੰਦਾ
ਮਿਰਗ ਜੰਗਲਾਂ ਦੇ ਵਿਚ
ਭਾਲਦਾ ਰਹਿੰਦਾ ਉਹ ਕਸਤੂਰੀ ॥
ਐਨੀ ਨੇੜੇ
ਹੋਂਦਿਆ ਹੋਇਆਂ ਭੀ
ਬਣੀ ਰਹਿੰਦੀ ਆਪਸ ਵਿਚ ਦੂਰੀ ॥

ਇੰਜ ਹੀ
ਅੰਗ ਸੰਗ ਸਾਡੇ ਸਦਾ ਹੈ ਰਹਿੰਦਾ
ਨਹੀਂ ਸਾਡੇ ਕੋਲੋਂ ਦੂਰ ਹੈ ਉਹ ॥
ਇਹਨਾਂ ਹੱਥਾਂ ਨਾਲ
ਉਹ ਫੜ ਨਹੀਂ ਹੁੰਦਾ
ਕਿਉਂਕਿ ਨਿਰਾ ਨੂਰ ਹੈ ਉਹ ॥

5
ਇਸ ਜਗ ਤੇ

ਜੋ ਨਜਰੀਂ ਔਂਦਾ
ਇਹ ਸਭ ਹੈ ਉਸ ਦੀ ਹੀ ਮਾਇਆ ॥
ਕੀੜੀ ਤੋਂ ਲੈ
ਹਾਥੀ ਦੇ ਤੱਕ
ਉਹ ਹੈ ਕਣ ਕਣ ਵਿਚ ਸਮਾਇਆ ॥

ਉਹ ਆਪ ਹੀ ਮੂਰਖ
ਉਹ ਆਪ ਹੀ ਸਿਆਣਾ ॥
ਉਹ ਆਪ ਹੀ ਬੁੱਢਾ
ਉਹ ਆਪ ਹੀ ਨਿਆਣਾ ॥

ਉਹ ਆਪ ਹੀ ਵੈਦ
ਉਹ ਆਪ ਹੀ ਰੋਗੀ ॥
ਉਹ ਆਪ ਹੀ ਗ੍ਰਹਿਸਿਤੀ
ਉਹ ਆਪ ਹੀ ਜੋਗੀ ॥

ਉਹ ਆਪ ਹੀ ਮਰਦ
ਉਹ ਆਪ ਹੀ ਤੀਵੀਂ ॥
ਉਹ ਆਪ ਹੀ ਬਾਹਮਣ
ਉਹ ਆਪ ਹੀ ਜਾਤ ਨੀਵੀਂ ॥

ਉਹ ਆਪ ਹੀ ਚੰਦ
ਉਹ ਆਪ ਹੀ ਚਕੋਰ ॥
ਉਹ ਆਪ ਹੀ ਬਦਲ
ਉਹ ਆਪ ਹੀ ਮੋਰ ॥

ਉਹ ਆਪ ਹੀ ਮੱਛੀ
ਉਹ ਆਪ ਹੀ ਜਾਲ ॥
ਉਹ ਆਪ ਹੀ ਗੁੰਮਦਾ
ਉਹ ਆਪ ਹੀ ਲੈਂਦਾ ਭਾਲ ॥

ਉਹ ਆਪ ਹੀ ਸਿਪਾਹੀ
ਉਹ ਆਪ ਹੀ ਚੋਰ ॥



ਉਹ ਆਪ ਹੀ ਪਤੰਗ
ਉਹ ਆਪ ਹੀ ਡੋਰ ॥

ਉਹ ਆਪ ਹੀ
ਸੋਹਣੇ ਫੁਲਾਂ ਦੇ ਵਿਚ
ਮਹਿਕ ਬਣਕੇ ਹੈ ਮਹਿਕ ਰਿਹਾ ॥
ਉਹ ਆਪੇ ਹੀ
ਭਾਂਤ ਭਾਂਤ ਦੀਆਂ ਚਿੜੀਆਂ ਬਣਕੇ
ਚੀਂ ਚੀਂ ਕਰਕੇ ਚਹਿਕ ਰਿਹਾ ॥

ਉਹ ਆਪੇ ਹੀ
ਦੁਖ ਸੁਖ ਦੇਂਦਾ ਹੈ
ਆਪ ਹੀ ਦੁਖ ਭੋਗ ਰਿਹਾ ॥
ਉਹ ਆਪੇ ਹੀ
ਤੰਦਰੁਸਤੀ ਬਖਸ਼ੇ
ਲਾ ਕਿਸੇ ਨੂੰ ਆਪੇ ਰੋਗ ਰਿਹਾ ॥

ਉਹ ਆਪ ਹੀ
ਕੋਈ ਸੋਹਣੀ ਔਰਤ
ਆਪ ਹੀ ਹੈ ਉਹਦਾ ਨਖਰਾ ॥
ਉਹ ਆਪ ਹੀ
ਸਭ ਦੇ ਅੰਦਰ ਰਮਿਆ
ਆਪ ਹੀ ਹੈ ਸਭ ਤੋਂ ਵਖਰਾ ॥

ਉਹ ਆਪ ਹੀ
ਮਾਇਆ ਨਾਲ ਸੁਲਾਵੇ
ਆਪ ਹੀ ਨੀਂਦਰ ਖੋਲੇ ॥
ਉਹ ਆਪ ਹੀ
ਚੁਪ ਵੱਟੀ ਬੈਠਾ
ਆਪ ਹੀ ਮੂਹੋਂ ਬੋਲੇ ॥

ਉਹ ਆਪ ਹੀ
ਨਿਤ ਵਿਛੋੜੇ ਪੌਂਦਾ

ਆਪ ਹੀ ਉਹ ਮੇਲੇ ॥

ਉਹ ਆਪ ਹੀ
ਭਾਂਤ ਭਾਂਤ ਦੇ
ਨਿਤ ਨਵੇਂ ਖੇਲ ਖੇਲੇ ॥

ਉਹ ਆਪ ਹੀ
ਉਲਟੇ ਰਸਤੇ ਪਾਵੇ
ਫੜਕੇ ਤੁਹਾਡੀ ਨੱਥ ॥
ਕਦੇ ਕਿਸੇ ਨੂੰ
ਕਿਥੇ ਲੈ ਜਾਣਾ
ਸਭ ਕੁਝ ਉਹਦੇ ਹੱਥ ॥

ਉਹ ਆਪ ਹੀ ਹੈ
ਅੰਡ ਜਿਉਰ
ਤੇ ਮੁੜ੍ਹਕਾ ਧਰਤੀ ॥
ਇਹਨਾਂ ਤੇ ਉਪਜੇ
ਸਭ ਜੀਆਂ ਵਿਚ
ਉਹਦੀ ਹੀ ਲੋ ਹੈ ਵਰਤੀ ॥

'ਉਹ' ਆਪ ਹੀ
ਸਭ ਦੀ ਪਾਲਣਾ ਕਰਦਾ
ਆਪ ਹੀ ਕਰਦਾ ਹੱਤਿਆ ॥
ਸਭ ਜੀ ਪਰੋਏ
ਉਸ ਵਿਚ ਧਾਗੇ
ਸਭ ਵਿਚ ਉਹਦੀ ਸਤਿਆ ॥

ਉਹ ਆਪ ਹੀ
ਬਣਦੇ ਇਕ ਪੁਤਲੀਗਰ
ਡੋਰ ਸਭਨਾਂ ਗਲ ਪਾਵੇ ॥
ਫੇਰ ਉਹਦਾ
ਜਿਵੇਂ ਚਿਤ ਹੈ ਕਰਦਾ
ਸਭ ਨੂੰ ਉਂਝ ਨਚਾਵੇ ॥



ਹਰ ਕੋਈ
ਉਹਦੇ ਹੁਕਮ ਨਾਲ ਔਂਦਾ
ਹਰ ਕੋਈ ਉਹਦੇ ਹੁਕਮ ਵਿਚ ਜਾਵੇ ।
ਜੋ ਭੀ ਉਹਦੇ
ਭਾਗਾਂ ਵਿਚ ਲਿਖਿਆ
ਉਹੀ ਕਰਮਾਂ ਦਾ ਖਟਿਆ ਖਾਵੇ ॥
ਕਿਸੇ ਨੂੰ
ਉਹ ਬਣਾ ਦੇਂਦਾ ਮੰਗਤਾ
ਕਿਸੇ ਨੂੰ ਰਾਜਾ ਬਣਾਵੇ ॥
ਕਿਸੇ ਨੂੰ ਕੰਮ
ਉਹ ਰੋਣ ਨਾ ਦੇਂਦਾ
ਕੋਈ ਉੱਚੀ ਉੱਚੀ ਗਾਵੇ ॥

ਭਾਵੇਂ ਸਭ ਨੂੰ
ਉਸਨੇ ਦਿਤੀਆਂ ਅੱਖਾਂ
ਪਰ ਉਹਨੂੰ ਕੋਈ ਦੇਖ ਨਹੀਂ ਸਕਦਾ ॥
ਸਭ ਦਾ
ਉਹ ਲੇਖਾ ਜੋਖਾ ਰਖੇ
ਕੋਈ ਬਦਲ ਉਹਦੇ ਲਿਖੇ ਲੇਖ ਨਹੀਂ ਸਕਦਾ ॥

6

ਬੰਦਾ ਕਹੇ
ਮੈਂ ਕਰਕੇ ਕਮਾਈ
ਆਪਣੇ ਸਾਰੇ ਟੱਬਰ ਨੂੰ ਪਾਲਾਂ ॥
ਇਸੇ ਗਲ ਦਾ
ਨਿਤ ਰੋਹਬ ਹੈ ਦੇਂਦਾ
ਇਸ ਕਰਕੇ ਨਿਤ ਕਢੇ ਗਾਲਾਂ ॥

ਪਰ ਮੈਨੂੰ ਦਸ
ਇਹ ਮੂਰਖ ਬੰਦੇ
ਤੂੰ ਇਹ ਕਿਥੋਂ ਲਿਆਇਆ ?
ਕੀ ਉਸ ਦਿਨ ਸੀ
ਤੇਰੇ ਪਲੇ

ਜਿਸ ਦਿਨ ਜਗ ਤੇ ਸੀ ਆਇਆ ॥

ਪੰਛੀਆਂ ਪਲੇ
ਧੰਨ ਨਾ ਕੋਈ
ਉਹਨਾਂ ਨੂੰ ਭੀ ਲਗਦੀ ਭੁਖ ॥
ਰਬ ਦਾ ਦਿੱਤਾ
ਖਾ ਪੀਕੇ ਬਹਿ ਜਾਂਦੇ
ਕੋਈ ਭਾਲ ਕੇ ਉਹਦਾ ਰੁੱਖ ॥

ਪਾਣੀ ਦੇ ਵਿਚ
ਜੀਵ ਨੇ ਲੱਖਾਂ
ਨਹੀਂ ਕਰਦਾ ਕੋਈ ਹੱਟ ॥
ਨਾ ਹੀ ਉਥੇ
ਹੁੰਦੀ ਹੈ ਖੇਤੀ
ਨਾ ਹੀ ਉਥੇ ਕੋਈ ਜੱਟ ॥

ਉੱਥੇ ਬੈਠਿਆਂ
ਹੋਇਆਂ ਨੂੰ ਭੀ
ਮਾਲਕ ਦੇਂਦਾ ਸਭ ਨੂੰ ਖਾਣਾ ॥
ਛੋਟੇ ਜੀਆਂ ਨੂੰ
ਖਾ ਜਾਂਦੇ ਵੱਡੇ
ਜਿਵੇਂ ਮਾਲਕ ਦਾ ਭਾਣਾ ॥

ਕੂੰਜਾ ਦੇਕੇ
ਪਹਾੜਾਂ ਵਿਚ ਆਂਡੇ
ਉਡ ਜਾਂਦਿਆਂ ਨੇ ਦੂਰ ॥
ਉਹਨਾਂ ਦੇ ਬਚਿਆਂ ਦੀ
ਪਾਲਨਾ ਕਰਦਾ
ਖੁਦ ਆਪੇ ਹੀ ਹਜੂਰ ॥

ਕਛੂਕੁਮੀ ਰਹੇ, ਪਾਣੀ ਦੇ ਵਿਚ
ਪਰ ਆਂਡੇ ਜਾਕੇ ਬਾਹਿਰ ਹੈ ਦੇਂਦੀ।
ਕਛੂਕੁਮੀ ਦੇ ਥਣ ਨਹੀਂ ਹੁੰਦੇ



ਨਾ ਹੀ ਬੱਚਿਆਂ ਕੋਲ ਉਹ ਬਹਿੰਦੀ ॥

ਫੇਰ ਵੀ ਬੱਚਾ
ਕਛੂਕੁਮੇ ਦਾ
ਆਸਰੇ ਉਸ ਦਾਤੇ ਦੇ ਪਲਦਾ ॥
ਕਿਸੇ ਤਰਾਂ ਰਬ
ਨਿਤ ਉਹਦੇ ਲਈ
ਰਿਜ਼ਕ ਉਹਨਾਂ ਨੂੰ ਘਲਦਾ ॥

ਮਾਂ ਦੇ ਪੇਟ
ਜਦ ਰਹਿੰਦਾ ਬੱਚਾ
ਰਬ ਉਹਨੇ ਉਥੇ ਪਾਲੇ ॥
ਜੰਮਣ ਤੋਂ
ਝਟ ਮਗਰੋਂ ਹੀ
ਉਹ ਦੁੱਧ ਥਣਾਂ ਦੇ ਵਿਚ ਭਾਲੇ ॥

ਕਿਸੇ ਬੰਦੇ ਦੇ ਦਿਤਿਆਂ
ਨਾ ਕੋਈ ਬੰਦਾ ਰੱਜਦਾ ॥
ਅਜ ਉਹ ਹੈ ਇਸ ਦੇ ਬੂਹੇ
ਕਲ ਉਸਦੇ ਬੂਹੇ ਭੱਜਦਾ ॥

ਜਦ ਕੋਈ
ਉਹਨੂੰ ਨਾਂਹ ਕਰਦਾ ਹੈ
ਉਹਨੂੰ ਲਗਦਾ ਦੁੱਖ ॥
ਮੇਹਰ ਹੋਵੇ
ਜੇਕਰ ਦਾਤੇ ਦੀ ਤਾਂ
ਉਹ ਹੀ ਲਾਹ ਸਕਦਾ ਹੈ ਭੁੱਖ ॥

ਹਰ ਬੰਦਾ ਹੈ
ਖੁਦ ਹੀ ਮੰਗਤਾ
ਨਾ ਮੰਗਤਿਆਂ ਕੋਲੋਂ ਮੰਗੋ ॥
ਉਹਦਾ ਘਰ
ਹਰ ਸ਼ੈ ਨਾਲ ਭਰਿਆ

ਨਾ ਉਹਤੋਂ ਮੰਗਦੇ ਸੰਗੋ ॥

ਉਹ ਹੀ ਹੈ
ਸਭ ਦਾ ਪ੍ਰਤਪਾਲਕ
ਉਹ ਹੀ ਮਾਂ ਤੇ ਬਾਪ ॥
ਉਹਦੇ ਵਰਗਾ
ਹੋਰ ਨਾ ਕੋਈ
ਖੁਦ ਵਰਗਾ ਬੱਸ ਆਪੇ ਆਪ ॥

ਬਾਕੀ ਸਭ
ਮੰਗਤੇ ਨੇ ਜਗ ਤੇ
ਦਾਤਾ ਤਾਂ ਬਸ ਉਹ ਹੀ ਖਾਸ ॥
ਹਰ ਇਕ ਨੂੰ
ਰਿਜਕ ਉਹ ਹੀ ਦੇਂਦਾ
ਸਦਾ ਰਖੋ ਤੁਸੀਂ ਉਹਦੀ ਆਸ ।

ਦੁਧ ਦਾ ਬੰਦੋਬਸਤ ਕੀਤਾ
ਜਦੋਂ ਬੰਦੇ ਤੇਰੇ ਦੰਦ ਨਹੀਂ ਸਨ ॥
ਹੁਣ ਜਦੋਂ ਤੈਨੂੰ ਦੰਦ ਹੈ ਦਿੱਤੇ
ਕੀ ਉਹ ਹੁਣ ਨਹੀਂ ਦੇਵੇਗਾ ਅੰਨ?

ਤੇਰੀ ਕਮਾਈ ਨਾਲ ਨਾ ਕੋਈ ਪਲਦਾ
ਇਹ ਗਲ ਲੈ ਤੂੰ ਪੱਲੇ ਬੰਨ੍ਹ ॥
ਅਗਾਂਹ ਤੂੰ ਨਾ ਮਾਰੀਂ ਕਿਸੇ ਨੂੰ ਮੇਹਣਾ
ਗਲ ਸੁਣ ਲੈ ਮੇਰੀ ਖੋਹਲ ਕੇ ਕੰਨ ॥

7
ਇਕ ਵੇਲਾ ਸੀ
ਜਦ ਹਰ ਪਾਸੇ
ਦਿਸਦੀ ਸੀ ਧੁੰਧਕਾਰ ॥
ਨਾ ਹੀ ਸੀ
ਕੋਈ ਉਰਲਾ ਬੰਨਾ
ਨਾ ਹੀ ਸੀ ਕੋਈ ਪਾਰ ॥



ਨਾ ਹੀ ਸੀ
ਕੋਈ ਦੁਸਮਨ ਕਿਸੇ ਦਾ
ਨਾ ਹੀ ਸੀ ਕੋਈ ਯਾਰ ॥
ਨਾ ਹੀ ਕੋਈ
ਪਿਆਰ ਸੀ ਕਰਦਾ
ਨਾ ਹੀ ਕੋਈ ਖਾਂਦਾ ਸੀ ਖਾਰ ॥

ਇਸ ਧਰਤੀ ਤੇ
ਜੰਮਣ ਤੋਂ ਪਹਿਲਾਂ
ਨਹੀਂ ਕੋਈ ਸੀ ਏਥੇ ਰਹਿੰਦਾ ।
ਆਪਣੇ ਵਿਚ ਹੀ
ਮਸਤ ਉਹ ਬੈਠਾ
ਕੋਈ ਉਹਨੂੰ ਨਹੀਂ ਸੀ ਕੁਛ ਕਹਿੰਦਾ ॥

ਨਹੀਂ ਸੀ ਉਦੋਂ
ਕੋਈ ਖੂਨ ਹੁੰਦਾ
ਨਾ ਹੀ ਹੁੰਦਾ ਸੀ ਕੋਈ ਪਾਪ ॥
ਨਾ ਹੀ ਕੋਈ
ਸਲਾਹਕਾਰ ਸੀ ਉਹਦਾ
ਸਭ ਕੁਛ ਸੀ ਉਹ ਆਪੇ ਆਪ ॥

ਆਪ ਹੀ ਉਸਨੇ
ਭਵਸਾਗਰ ਰਚਿਆ
ਆਪ ਹੀ ਉਹੋ ਮਲਾਹ ॥
ਜਿਸ ਨੂੰ ਚਾਹੇ
ਉਹ ਤਾਰ ਹੈ ਦੇਂਦਾ
ਨਹੀਂ ਪੁਛਦਾ ਕੋਈ ਸਲਾਹ ॥

ਸੂਰਜ ਚੰਦ
ਬਣੌਣ ਦੇ ਲਈ
ਉਸਨੇ ਆਪਣੀ ਤਾਕਤ ਵਰਤੀ ॥
ਆਪ ਹੀ
ਖੰਡ ਬਰਹਮੰਡ ਬਣਾਏ

ਆਪ ਹੀ ਉਸਨੇ ਸਾਜੀ ਧਰਤੀ ॥

ਚੌਰਾਸੀ ਲਖ ਜੂੰਨਾਂ
ਇਸ ਧਰਤੀ ਤੇ
ਹਰ ਇਕ ਜੂਨ 'ਚ ਜੀ ਕਰੋੜ ਤੋਂ ਲੱਖਾਂ ॥
ਪਰ ਆਪਸ ਵਿਚ
ਨਹੀਂ ਮਿਲਦੇ ਚੇਹਰੇ
ਨਾ ਹੀ ਮਿਲਦੀਆਂ ਕਿਸੇ ਦੀਆਂ ਅੱਖਾਂ ॥

ਇਹ ਧਰਤੀ
ਇਕ ਮਹਲ ਹੈ ਉਸਦਾ
ਅੰਬਰ ਜਿਸਦੀ ਛਤ ॥
ਧਰਤੀ ਉਤੇ
ਹੱਥ ਉਸ ਰਖਿਆ
ਪਤਾ ਨਹੀਂ ਕਿਥੇ ਲੱਤ ॥

ਮਹਿਲ ਉਹਦਾ
ਫੁੱਲਾਂ ਨਾਲ ਭਰਿਆ
ਸੂਰਜ ਚੰਦ ਨੇ ਦੀਵੇ ॥
ਜੋ ਭੀ ਰਹਿੰਦਾ
ਇਸ ਧਰਤੀ ਤੇ
ਉਹਦੇ ਰਹਿਮ ਤੇ ਜੀਵੇ ॥

ਆਪ ਹੀ
ਉਹ ਬਣਕੇ ਬਾਜੀਗਰ
ਜਗ ਤੇ ਬਾਜੀ ਪਾਵੇ ॥
ਰਾਮ, ਅਲਾਹ,
ਕਦੇ ਜੀਸਸ ਨਾਨਕ
ਉਹ ਬਣਕੇ ਜਗ ਤੇ ਆਵੇ।
ਭੁਲੇ ਭਟਕੇ
ਲੋਕਾਂ ਤਾਂਈ
ਉਹ ਸਿਧੇ ਰਾਹ ਤੇ ਪਾਵੇ।
ਥੋੜੀ ਦੇਰ



ਉਹ ਖੇਡ ਦਿਖਾਕੇ
ਫੇਰ ਅਲੋਪ ਹੋ ਜਾਵੇ ॥

ਆਪ ਹੀ ਉਹ
ਬਣਕੇ ਜੁਲਾਹਾ
ਆਪੇ ਤਾਣੇ ਤਾਣਾ॥
ਇਕ ਦੂਜੇ ਨਾਲ
ਜੋੜਕੇ ਕੁੰਡੀ
ਆਪੇ ਕਪੜਾ ਜਗਤ ਬਨਾਣਾ ॥

ਆਪ ਹੀ
ਘੁਮਿਆਰ ਹੈ ਬਣਦਾ
ਜੋ ਘੜਿਆਂ ਨੂੰ ਘੜਦਾ ॥
ਪਰ ਉਹਦੇ ਘੜੇ
ਉਹਨੂੰ ਦੇਖ ਨਹੀਂ ਸਕਦੇ
ਆਪ ਹੀ ਉਹ ਹੈ ਪੜਦਾ ॥

8
ਆਪੇ ਹੀ ਉਹ
ਰਚਦੇ ਇਹ ਦੁਨੀਆ
ਆਪੇ ਕਰਦਾ ਰਾਖੀ ॥
ਹਰ ਇਕ ਜੀ ਨੂੰ
ਮੰਨਣੀ ਪੈਂਦੀ
ਗੱਲ ਜੋ ਉਸਨੇ ਆਖੀ ॥
ਸਮੁੰਦਰ ਦੇ ਵਿਚ
ਟਿਕੀ ਹੈ ਧਰਤੀ
ਇਹ ਤਾਂ ਜਾਣੇ ਜਗ ॥
ਸ਼ੇਰ ਦੇ ਕੋਲੇ
ਰਹਿ ਸਕਦੀ ਬਕਰੀ
ਲਕੜ ਦੇ ਵਿਚ ਅੱਗ ॥

ਅਪਣੇ ਭਗਤਾਂ ਨੂੰ
ਉਹ ਲਗਣ ਨਾ ਦੇਂਦਾ

ਕਦੇ ਭੀ ਤੱਤੀ ਵਾ ॥
ਬਚਾ ਲਿਆ ਸੀ
ਉਸ ਪ੍ਰਹਲਾਦ ਨੂੰ
ਨਰਸਿੰਘ ਬਣਕੇ ਜਾ ॥

ਭਾਵੇਂ ਹੋਵੇ
ਕੋਈ ਨੀਵੀਂ ਜਾਤ ਦਾ
ਨਹੀਂ ਉਹਦੀਆਂ ਨਜਰਾਂ ਵਿਚ ਘਟ ॥
ਤਾਰ ਦਿਤੇ
ਉ'ਨੇ ਚਮਾਰ ਤੇ ਛੀਬੇ
ਨਾਲੇ ਧੰਨੇ ਵਰਗੇ ਜੱਟ ॥

ਮਾਇਆ ਲਈ
ਹਰ ਅੰਦਰ ਤ੍ਰਿਸ਼ਨਾ
ਇਹ ਮਾਇਆ ਇਕ ਅੱਗ ॥
ਜੰਮਣ ਲਗਿਆਂ
ਹਰ ਇਕ ਅੰਦਰ
ਇਹ ਜਾਂਦੀ ਹੈ ਲੱਗ ॥
ਛੋਟਾ ਪੁੱਤਰ
ਬੈਠ ਬਾਪ ਦੀ ਗੋਦੀ
ਜੇ ਅੱਗ ਨੂੰ ਹਥ ਹੈ ਲੌਂਦਾ ॥
"ਸੜ ਜਾਵੇਂਗਾ
ਅੱਗ ਨਾਲ ਤੂੰ ਇਸਦੇ"
ਉਹ ਉਹਨੂੰ ਸਮਝੌਂਦਾ ॥
ਉਸੇ ਤਰ੍ਹਾਂ ਹੀ
ਮਾਲਕ ਸਾਡਾ
ਸਾਨੂੰ ਨਿਤ ਬਚੌਂਦਾ ॥
ਪਰ ਅਸੀ ਹੀ ਹਾਂ
ਐਨ ਬੁੱਧੂ
ਜੋ ਸਾਨੂੰ ਸਮਝ ਨਾ ਔਂਦਾ ॥

ਬਚਾ ਕਰਦਾ
ਲਖਾਂ ਹੀ ਭੁਲਾਂ



ਨਾ ਗੁੱਸਾ ਕਰਦੇ ਮਾਪੇ ॥
ਸਾਡੇ ਔਗਣ
ਦੇਖਕੇ ਸਾਰੇ
ਉਹ ਬਖ਼ਸ਼ ਦੇਂਦਾ ਹੈ ਆਪੇ ॥
ਘਰ ਦੇ ਵਿਚ
ਜਿਵੇਂ ਸ਼ਤੀਰਾਂ ਨੂੰ
ਸਹਾਰਾ ਦੇਂਦੇ ਥੰਮ ॥
ਉਸੇ ਤਰਾਂ ਹੀ
ਉਹ ਦੇਕੇ ਮੋਢਾ
ਸਾਡੇ ਨਿਤ ਸਵਾਰੇ ਕੰਮ ॥

ਜੀਵਣ ਮਹਿਲ ਵਿਚ
ਉਹ ਥੰਮ ਹੈ ਸਾਡਾ
ਸਮੁੰਦਰ ਵਿਚ ਜਹਾਜ਼ ॥
ਜਿਥੇ ਸਦਾ
ਉਹ ਦੇਂਦਾ ਸਹਾਰਾ
ਸਦਾ ਰਖਦਾ ਭਗਤਾਂ ਦੀ ਲਾਜ ॥

9
ਬੰਦੇ ਦਾ ਨਾਂ ਹੋਵੇ
ਭਾਵੇਂ ਦਿਆਲ ਸਿੰਘ
ਉਹ ਹੋ ਸਕਦਾ ਹੈ ਜਾਲਮ ॥
ਨੰਗੇ ਭੁਖੇ ਨੂੰ
ਕਹਿਣ ਕਰੋੜੀ ਮਲ
ਇਹ ਤਾਂ ਜਾਣੇ ਆਲਮ ॥

ਪਰ ਉਹਦਾ ਤਾਂ
ਹਰ ਇਕ ਗੁਣ ਹੀ
ਬਣ ਗਿਆ ਉਹਦਾ ਨਾਂ ॥
ਹਰ ਇਕ ਜੀ ਦੇ
ਵਿਚ ਹੈ ਬੈਠੀ
ਉਹਦੀ ਆਪਣੀ ਜਾਂ ॥

ਕੋਈ ਹਾਲੇ ਤਕ
ਜਾਣ ਨਾ ਸਕਿਆ
ਉਹਦੇ ਸਾਰੇ ਗੁਣ ॥
ਸੁਣਦਾ ਰਹੇ
ਬੰਦਾ ਉਮਰ ਜੇ ਸਾਰੀ
ਫੇਰ ਭੀ ਨਾ ਸਕਦਾ ਸੁਣ ॥

ਸਮੁੰਦਰਾਂ ਸਤਾਂ ਦੀ
ਬਣਾਕੇ ਸਿਆਹੀ
ਜੇ ਬਨਸਪਤੀ ਦੀ ਬਣਾ ਲਵੇ ਕਾਨੀ।
ਧਰਤੀ ਉਤੇ
ਤੁਸੀਂ ਲਿਖਣ ਲਗ ਪਉ
ਨਹੀਂ ਲਭਣਾ ਕੋਈ ਉਹਦਾ ਸਾਨੀ ॥

ਕੋਈ ਨਾ ਜਾਣੇ
ਉਹਦੇ ਗੁਣ ਨੇ ਕਿੰਨੇ
ਕਿੰਨੀ ਉਹਦੀ ਤਾਕਤ ॥
ਰਾਜੇ ਰਾਣੇ
ਸਭ ਉਹਦੇ ਮੰਗਤੇ
ਡਰਦੇ ਵਡੇ ਤੋਂ ਵਡੇ ਸਾਕਤ ॥

ਇਕ ਜੀਭ ਦੀ
ਥਾਂ ਜੇ ਬਣਕੇ
ਲਗ ਜਾਣ ਜੀਭਾਂ ਲਖਾਂ ॥
ਦੋ ਅੱਖਾਂ ਦੀ
ਥਾਂ ਜੇ ਹੋਣ
ਭਾਵ ਕਈ ਕਰੋੜ ਇਹ ਅਖਾਂ ॥

ਫੇਰ ਭੀ ਬੰਦਾ
ਕਰ ਨਹੀਂ ਸਕਦਾ
ਉਸ ਮਾਲਕ ਦਾ ਬਿਆਨ ॥
ਉਨਾ ਹੀ
ਉਹ ਦਸ ਸਕਦਾ ਹੈ



ਜਿਨਾ ਕੁ ਉਹਨੂੰ ਹੋਊ ਗਿਆਨ ॥

10
ਜੋ ਭੀ ਤੁਹਾਨੂੰ
ਸਭ ਨਜ਼ਰੀਂ ਔਂਦਾ
ਹਰ ਇਕ ਸ਼ੈ ਦੇ ਵਿਚ ਉਹ ਵਸਦਾ ॥
ਰਹਿੰਦਾ ਹੈ
ਹਰ ਦਿਲ ਦੇ ਅੰਦਰ
ਪਰ ਅਪਣਾ ਪਤਾ ਨਾ ਕਦੇ ਉਹ ਦਸਦਾ ॥
ਭੋਗ ਰਿਹਾ ਹੈ
ਉਹ ਹਰ ਇਕ ਜਿੰਦਗੀ
ਨਾਲ ਤੁਹਾਡੇ ਰੋਂਦਾ ਹਸਦਾ ॥
ਆਪੇ ਹੀ
ਉਹ ਬਣਿਆ ਸ਼ਿਕਾਰੀ
ਆਪ ਮੱਛੀ ਬਣ ਜਾਲ 'ਚ ਫ਼ਸਦਾ ॥

ਮਾਲਕ ਹੈ
ਉਹ ਖੰਡ ਬ੍ਰਹਮੰਡ ਦਾ
ਹਰ ਪਾਸੇ ਹੈ ਉਹਦਾ ਮੇਲਾ ॥
ਸੋਨੇ ਚਾਂਦੀ ਨਾਲ
ਉਹਦੇ ਭੰਡਾਰ ਭਰੇ ਨੇ
ਪਰ ਜੇਬ ਵਿਚ ਨਹੀਂ ਰਖਦਾ ਧੇਲਾ ॥

ਕੀ ਇਹ ਧਰਤੀ
ਕੀ ਇਹ ਸੂਰਜ
ਕੀ ਇਹ ਚੰਦ ਤੇ ਤਾਰੇ ॥
ਉਹਦੇ ਹੁਕਮ ਵਿਚ
ਬਝੇ ਹੋਏ
ਇਹ ਤਾਂ ਬਸ ਸਾਰੇ ਦੇ ਸਾਰੇ ॥

ਹੁਕਮ ਉਹਦੇ ਵਿਚ
ਪਹਾੜ ਖੜੇ ਨੇ
ਹੁਕਮ ਉਹਦੇ ਵਿਚ

ਵਗਦੀਆਂ ਨਦੀਆਂ ॥
ਪਾਲ ਰਹੀਆਂ ਹਨ
ਉਹਦੇ ਜੀਆਂ ਨੂੰ
ਵਗ ਰਹੀਆਂ ਨੇ
ਉਹ ਇੰਜ ਕਈ ਸਦੀਆਂ ॥

ਹੁਕਮ ਉਹਦੇ ਵਿਚ
ਸਭ ਪਸੂ ਤੇ ਪੰਛੀ
ਹੁਕਮ ਬਾਝੋਂ ਨਾ
ਕੋਈ ਪੱਤਾ ਹਿਲਦਾ ॥
ਲੁਕਾ ਰਖੋ
ਭਾਵੇਂ ਜਗ ਕੋਲੋਂ
ਪਰ ਭੇਤ ਉਹ ਜਾਣੇ
ਹਰ ਇਕ ਦੇ ਦਿਲ ਦਾ ॥

11
ਸ਼ੁਰੂ ਤੋਂ ਲੈ
ਬੰਦੇ ਕੋਸ਼ਿਸ਼ ਕੀਤੀ
ਪਰ ਲਭ ਨਾ ਸਕਿਆ
ਉਹ ਦਾ ਕੋਈ ਬੰਨਾ ॥
ਇਹ ਬੰਦਾ
ਉਹਨੂੰ ਦੇਖ ਨਾ ਸਕਿਆ
ਅਖਾਂ ਹੁੰਦਿਆਂ ਹੋਇਆਂ ਭੀ ਅੰਨ੍ਹਾ ॥

ਉਸ ਇਕ ਰਬ ਦੇ ਹੀ
ਬੰਦੇ ਨੇ ਰਖ ਲਏ
ਅਪਣੀ ਮਰਜੀ ਨਾਲ ਲੱਖਾਂ ਨਾਮ ॥
ਕਿਸੇ ਵਾਹਿਗੁਰੂ
ਕਿਸੇ ਨੇ ਅਲਾਹ
ਕਿਸੇ ਈਸਾ
ਕਿਸੇ ਕਿਹਾ ਇਹ ਨੂੰ ਰਾਮ ॥





ਕਿਸੇ ਆਖਿਆ
ਸ਼ਿਵ ਜੀ ਵਿਸ਼ਨੂੰ
ਕਿਸੇ ਆਖਿਆ ਬ੍ਰਹਮਾ ਅਵਤਾਰ ॥
ਕਿਸੇ ਘਨੱਇਆ
ਕਿਸੇ ਕਰਿਸ਼ਨ ਮੁਰਾਰੀ
ਕਿਸੇ ਕਿਹਾ 'ਸਾਵਲਾਂ' ਨਾਲ ਪਿਆਰ ॥

ਉਸ ਇਕ ਰੱਬ ਦੇ
ਨਾਂ ਰਖ ਵੱਖੋ ਵਖਰੇ
ਅਸਾਂ ਨੇ ਪਾਈਆਂ
ਉਹਦੀਆਂ ਵੰਡੀਆਂ ॥
ਵਖੋ ਵਖਰੇ
ਰੰਗਾਂ ਦੇ ਰੰਗ ਕਪੜੇ
ਗਡ ਲਈਆਂ
ਵਖੋ ਵਖਰੀਆਂ ਝੰਡੀਆਂ ॥

ਮੇਰਾ ਧਰਮ ਹੈ
ਸਭ ਤੋਂ ਵਧੀਆ
ਬਾਕੀ ਦੇ ਸਭ ਮਾੜੇ ਨੇ ॥
ਇੰਜ ਹੀ
ਧਰਮਾਂ ਦੇ ਨਾਂ ਤੇ
ਬੰਦੇ ਪਾਏ ਪੁਆੜੇ ਨੇ ॥

ਧਰਮਾਂ ਦੇ ਨਾਂ ਤੇ
ਜਦ ਜੰਗ ਹੁੰਦੀ
ਲੱਖਾਂ ਬੇਦੋਸ਼ ਮੋਏ ਨੇ ॥
ਕਈਆਂ ਨੇ
ਏਥੇ ਸੁਹਾਗ ਗੁਆਏ
ਕਈ ਮਾਵਾਂ ਨੇ ਪੁਤ ਖੋਏ ਨੇ ॥

ਧਰਮ ਤਾਂ
ਸਾਰੇ ਹੀ ਨੇ ਚੰਗੇ
ਮਾੜਾ ਨਹੀਂ ਹੈ ਕੋਈ ਧਰਮ ॥

ਭੇਦ ਭਾਵ
ਇਹ ਸਭ ਬੰਦਿਆਂ ਦੇ
ਇਹ ਤਾਂ ਸਾਡੇ ਦਿਲ ਦਾ ਭਰਮ ॥
ਸਾਡੇ ਦਿਲ ਵਿਚ
ਨਹੀਂ ਡਰ ਰੱਬ ਦਾ
ਉਕੀ ਲਾਹ ਛਡੀ ਅਸਾਂ ਸ਼ਰਮ ॥
ਐਵੇਂ ਹੀ
ਅਪਣੀ ਜ਼ਿੱਦ ਵਿਚ ਆਕੇ
ਹੋ ਜਾਈਦਾ ਛੇਤੀ ਗਰਮ ॥
ਹਰ ਧਰਮ
ਤੁਹਾਨੂੰ ਸਖੋਣ ਦਇਆ ਜੀਆਂ ਲਈ
ਤੇ ਦਿਲ ਅਸਾਂ ਨੇ ਰਖਣਾ ਨਰਮ।
ਭੇਖ ਵਟਾਇਆ
ਬੰਦਾ ਧਰਮੀ ਬਣਦਾ
ਜਿੰਨੀ ਦੇਰ ਤਕ ਨਾ ਹੋਣ
ਉਹਦੇ ਚੰਗੇ ਕਰਮ ॥

12

ਅਜ ਭੀ
ਉਸ ਰਬ ਦੇ ਨਾਂ ਤੇ
ਜੰਗ ਥਾਂ ਥਾਂ ਤੇ ਜਾਰੀ ਹੈ ॥
ਕਦੀ ਹਿੰਦੂਆਂ ਦੀ
ਕਦੀ ਮੁਸਲਮਾਨਾਂ ਦੀ
ਕਦੀ ਸਿੱਖਾਂ ਦੀ ਵਾਰੀ ਹੈ ॥
ਕਦੇ ਪਤੀ
ਕਦੇ ਪੁਤਾਂ ਨੇ
ਤੜਫੀ ਹਰ ਬਾਰ ਨਾਰੀ ਹੈ ॥
ਪਰ ਇਸ ਦੇ ਪਿੱਛੇ
ਹਥ ਜਿਹਨਾਂ ਦਾ
ਉਹਨਾਂ ਸ਼ੈਤਾਨਾਂ ਦੀ
ਨਹੀਂ ਕਿਸੇ ਭੀ ਰਬ ਨਾਲ ਯਾਰੀ ਹੈ ॥



ਹੋਰ ਤਾਂ ਹੋਰ
ਇਸਾਈਆਂ ਨੂੰ ਹੀ
ਇਸਾਈ ਹੀ ਮਾਰੀ ਨੇ ਜਾਂਦੇ ॥
ਇਕ ਪਾਸੇ
ਜਿਤ ਰਹੇ ਭਗਤ ਮਸੀਹੇ ਦੇ
ਇਕ ਪਾਸੇ ਉਹ ਹਾਰੀ ਨੇ ਜਾਂਦੇ ॥

13
ਲਖ ਧਰਮੀ
ਭਾਵੇਂ ਬੰਦਾ ਹੋਵੇ
ਉਹਦਾ ਧਰਮ ਤਾਂ ਪੈਸਾ ਹੈ ॥
ਬੇਚੇ ਨਾ
ਜਿਹੜਾ ਰੱਬ ਆਪਣਾ
ਕੋਈ ਵਿਰਲਾ ਬੰਦਾ ਐਸਾ ਹੈ ॥

ਉਹੋ ਜੇਹੇ
ਮਹਾਂਪੁਰਖਾਂ ਦੇ ਸਿਰ ਤੇ
ਅਜ ਹੈ ਸਾਰੀ ਦੁਨੀਆਂ ਦਾ ਭਾਰ ॥
ਉਹਨਾਂ ਦਾ ਕਹਿਣਾ
ਰਬ ਕਦੇ ਨਾ ਮੋੜੇ
ਉਹ ਹੀ ਹਨ ਰਬ ਦੇ ਯਾਰ ॥

ਧਰਮ ਭਾਵੇਂ
ਕੋਈ ਵੀ ਹੋਵੇ
ਰਬ ਦਾ ਨਾਂ
ਲੈਣਾ ਨਹੀਂ ਮਾੜਾ ॥
ਪਰ
ਹਰ ਇਕ ਦੀ
ਸਮਝ ਵਖੋ ਵਖਰੀ
ਇਸ ਹੀ ਗਲ ਦਾ ਹੈ ਸਾੜਾ ॥

ਫੁਲ ਦੇ ਵਿਚ
ਖ਼ੁਸ਼ਬੋਈ ਵਾਂਗੂ

ਰਮਿਆ ਹਰ ਥਾਂ ਉਹੀ ਰਾਮ ॥
ਹੋਂਦ ਉਹਦੀ
ਤਾਂ ਬਸ 'ਇਕ' ਹੈ
ਦੇ ਦਿਉ ਚਾਹੇ ਕੋਈ ਨਾਮ ॥

ਸਾਰੇ ਧਰਮ ਤਾਂ
ਇਹ ਹੀ ਦਸਦੇ
ਸਦਾ ਦੂਜੇ ਦੀ ਸੇਵਾ ਲਈ ਰਹੋ ਤਿਆਰ ॥
ਆਪਸ ਦੇ
ਭਿੰਨ ਭੇਦ ਮਿਟਾ ਕੇ
ਉਹਦੇ ਜੀਆਂ ਨਾਲ ਕਰੋ ਪਿਆਰ ।

14

ਹਰ ਬੰਦੇ ਦੇ
ਦਿਲ ਵਿਚ ਰਹਿੰਦੀ
ਉਸ ਰੱਬ ਨੂੰ ਮਿਲਣ ਦੀ ਚਾਹ ।
ਇਸੇ ਆਸ ਵਿਚ
ਕਟਦੀ ਜ਼ਿੰਦਗੀ
ਇਸ ਆਸ ਵਿਚ ਮੁੱਕਦੇ ਸਾਹ ॥

ਨ੍ਹੌਣ ਨਾਲ ਕਹਿੰਦੇ
ਜੇ ਰਬ ਮਿਲਦਾ
ਤਾਂ ਤਰ ਜਾਂਦੇ ਡੱਡੂ ॥
ਪਾਕੇ ਰਬ ਨੂੰ
ਉਹ ਮੁਕਤ ਹੋ ਜਾਂਦਾ
ਗੜੈਂ ਗੜੈਂ ਉਹ ਛਡੂ ॥

ਜਤੀ ਰਿਹਾਂ ਤੇ
ਜੇ ਰਬ ਮਿਲਦਾ
ਤਾ ਲੈਂਦੇ ਖੁਸਰੇ ਪਾ ॥
ਐਵੇਂ ਨਾ
ਉਹ ਨਚਦੇ ਫਿਰਦੇ
ਹਰ ਇਕ ਵੇਹੜੇ ਜਾ ॥



ਮੂੰਡਨ ਕੀਤਿਆਂ
ਜੇ ਰੱਬ ਮਿਲਦਾ
ਤਾਂ ਭੇਡਾਂ ਜਾਂਦੀਆਂ ਤਰ ॥
ਫੇਰ ਉਹਨਾਂ ਦੇ
ਦਿਲ ਵਿਚ ਨਾ ਰਹਿੰਦਾ
ਕਦੇ ਬਘਿਆੜਾਂ ਦਾ ਡਰ ।

ਘਰ ਛਡਿਆਂ ਤੇ
ਜੇ ਰੱਬ ਮਿਲਦਾ
ਤਰ ਜਾਂਦੇ ਸਭ ਜਨੌਰ ।
ਜੋ ਜੰਗਲ ਵਿਚ ਹੀ
ਜੰਮਦੇ ਪਲਦੇ
ਨਹੀਂ ਹੋਰ ਕੋਈ ਹੈ ਠੌਰ ॥

ਇਕ ਲਤ ਖੜਿਆਂ
ਜੇ ਰੱਬ ਮਿਲਦਾ
ਤਾਂ ਤਰ ਜਾਂਦਾ ਬਗਲਾ ॥
ਇਸ ਜਨਮ ਵਿਚ
ਖਾਕੇ ਮਛੀਆਂ
ਸਵਾਰ ਲੈਂਦਾ ਜਨਮ ਅਗਲਾ ॥

ਰਾਮ ਰਟਣ ਨਾਲ
ਜੇ ਰਬ ਮਿਲਦਾ
ਤਾਂ ਤਰ ਜਾਂਦੇ ਤੋਤੇ ॥
ਸਵਾਹ ਮਲਿਆਂ ਤੇ
ਜੇ ਰਬ ਮਿਲਦਾ
ਤਾਂ ਤਰ ਜਾਂਦੇ ਖੋਤੇ ॥

ਪਿੰਡਾ ਜਲਾਇਆਂ
ਜੇ ਰਬ ਮਿਲਦਾ
ਤਾਂ ਤਰ ਜਾਂਦੀ ਲਕੜੀ ॥
ਜ਼ਮੀਨ ਲੇਟਿਆਂ
ਜੇ ਰਬ ਮਿਲਦਾ

ਤਾਂ ਤਰ ਜਾਂਦੀ ਖਖੜੀ ॥

ਪੀਣ ਨੂੰ ਦੁਧ
ਜਿਹਨੂੰ ਮਿਲਦਾ
ਭਾਗ ਉਹਨਾਂ ਦੇ ਅੱਛੇ ।
ਪਰ ਦੁਧ ਪੀਂਦਿਆਂ ਤੇ
ਜੇ ਰਬ ਮਿਲਦਾ
ਤਾਂ ਤਰ ਜਾਂਦੇ ਵੱਛੇ ॥

15
ਰਬ ਜੇ ਹੁੰਦਾ
ਪਥਰਾਂ ਦੇ ਵਿਚ
ਉਹ ਪਹਿਲਾਂ ਉਹਨੂੰ ਫੜਦਾ ॥
ਬੁੱਤ ਤਰਾਸ਼
ਜੇ ਧਰ ਪੈਰ ਛਾਤੀ ਤੇ
ਉਹਦੀ ਮੂਰਤੀ ਘੜਦਾ ॥

ਨਾ ਹੀ ਉਹ
ਕਿਸੇ ਪਹਾੜ ਤੇ ਬੈਠਾ
ਨਾ ਹੀ ਉਹ ਕਿਸੇ ਕੰਦਰ ॥
ਨਾ ਹੀ ਉਹ
ਕਿਸੇ ਗਿਰਜਾ ਘਰ ਵਿਚ
ਨਾ ਹੀ ਉਹ ਕਿਸੇ ਮੰਦਰ ॥
ਨਾ ਹੀ ਉਹ
ਕਿਸੇ ਗੁਰਦਵਾਰੇ ਵਸਦਾ
ਉਹ ਵਸਦਾ ਝੁੱਗੀਆਂ ਅੰਦਰ ॥

ਜਦ ਉਹ
ਕਰਿਸ਼ਨ ਰੂਪ ਵਿਚ ਆਇਆ
ਉਸ ਪੈਰ ਬਿਦਰ ਦੇ ਵੇਹੜੇ ਪਾਇਆ ॥
ਜਦ ਉਸ
ਨਾਨਕ ਰੂਪ ਵਟਾਇਆ
ਭਾਗ ਲਾਲੋ ਦੇ ਘਰ ਨੂੰ ਲਾਇਆ ॥



ਰਬ ਤੈਥੋਂ ਨਹੀਂ
ਦੂਰ ਹੈ ਬੰਦੇ
ਉਹ ਤਾਂ ਤੇਰੇ ਦਿਲ ਵਿਚ ਵਸਦਾ ॥
ਭਜਦਾ ਦੇਖ
ਤੈਨੂੰ ਆਸੇ ਪਾਸੇ
ਉਹ ਤੇਰੀ ਮੂਰਖਤਾ ਤੇ ਹਸਦਾ ॥

ਐਵੇਂ ਸਾਧਾਂ ਪਿੱਛੇ
ਲਗ ਨਾ ਬੰਦੇ
ਰਬ ਇਹਨਾਂ ਤੋਂ ਕੋਹਾਂ ਦੂਰ ॥
ਅਸਲੀਅਤ ਜਦੋਂ
ਤੈਨੂੰ ਪਤਾ ਹੈ ਲਗਨੀ
ਤੂੰ ਹੋ ਜਾਵੇਂਗਾ ਚਕਨਾਚੂਰ ॥

ਪੈਰੀਂ ਹੱਥ ਲਾ
ਤੂੰ ਜਿਹਨਾਂ ਸਾਧਾਂ ਨੂੰ
ਗੁਰੂ ਆਪਨਾ ਤੂੰ ਮੰਨੇ ॥
ਸਜਣ ਠੱਗ ਨੇ
ਇਹੋ ਸਜਣਾ
ਅਖਾਂ ਹੁੰਦਿਆਂ ਹੋਇਆਂ ਵੀ ਅੰਨ੍ਹੇ ॥

ਤਰ ਨਾ ਸਕਦੇ
ਜੋ ਖੁਦ ਸਜਣਾ
ਉਹ ਤੈਨੂੰ ਕੀ ਤਾਰਨਗੇ ॥
ਡੁੱਬਣਗੇ
ਜਦ ਭਵਸਾਗਰ ਅੰਦਰ
ਨਾਲ ਹੀ ਤੈਨੂੰ ਮਾਰਨਗੇ ॥

ਕਰਮ ਕਾਂਡਾਂ ਨਾਲ
ਰਬ ਨਾ ਮਿਲਦਾ
ਚਾਹੇ ਕਰੋ ਲੱਖਾਂ ਤਪ ਤੇ ਜਾਪ ॥
ਜਦ ਕਿਤੇ
ਪਿਆਰ 'ਚ ਆ ਉਹ ਤੁਠੇ

ਉਹ ਖੁਦ ਆਕੇ ਮਿਲਦਾ ਆਪ ॥
ਐਵੇਂ ਨਾ ਤੂੰ
ਪੈ ਸੋਚਾਂ ਦੇ ਵਿਚ
ਕੀ ਪੁੰਨ ਤੇ ਕੀ ਹੈ ਪਾਪ ।
ਬਚਿਆਂ ਨੂੰ ਸਦਾ
ਗਲ ਲਾ ਲੈਂਦਾ
ਭੁਲ ਕੇ ਸਭ ਕੁਛ ਆਪੇ ਬਾਪ ॥

16
ਪਾ ਸਕਦੇ ਹੋ
ਤੁਸੀਂ ਰੱਬ ਨੂੰ
ਇਸ ਦੁਨਿਆ ਦੇ ਉਤੇ ਰਹਿੰਦੇ ॥
ਨਾਮ ਜੇਕਰ
ਤੁਸੀਂ ਰਹੋ ਉਹਦਾ ਜਪਦੇ
ਸੁਬਾਹ ਸ਼ਾਮ ਉਠਦੇ ਤੇ ਬਹਿੰਦੇ ॥

ਰਹਿੰਦੇ ਹੋਏ ਭੀ
ਇਸ ਜੱਗ ਅੰਦਰ
ਦੁਨੀਆਂ ਤੋਂ ਨਿਰਲੇਪ ਹੋ ਰਹਿਣਾ ॥
ਅੰਜਨ ਵਿਚ ਨਿਰੰਜਨ ਵਾਂਗੂੰ
ਗੁਰਬਾਣੀ ਦਾ ਇਹ ਹੈ ਕਹਿਣਾ ॥

ਜਿਵੇਂ ਕੰਵਲ ਫੁਲ
ਸਦਾ ਵਖ ਹੋ ਰਹਿੰਦਾ
ਉਗਦਾ ਭਾਵੇਂ ਉਹ ਵਿਚ ਪਾਣੀ ॥
ਉਹ ਸਦਾ ਹੈ
ਖਿੜਿਆ ਰਹਿੰਦਾ
ਥੱਲੇ ਭਾਵੇਂ ਹੋਵੇ ਚਿਕੜ ਦੀ ਘਾਣੀ ॥

ਮੁਰਗਾਬੀ ਰਹਿੰਦੀ
ਜਿਵੇਂ ਵਿਚ ਪਾਣੀ ਦੇ
ਫੰਗ ਰਖਦੀ ਅਪਣੇ ਸੁੱਕੇ ॥
ਮਾਰ ਉਡਾਰੀ



ਉਹ ਉੱਡ ਹੈ ਜਾਂਦੀ
ਨਾ ਪਾਣੀ ਖਾਤਿਰ ਰੁਕੇ ॥

17
ਕਰ ਦਿੱਤੇ ਮੈਂ
ਐਨੇ ਵਰਕੇ ਕਾਲੇ
ਹੁਣ ਤੁਸੀਂ ਪੁੱਛੋਗੇ
ਕਿਥੇ ਰੱਬ ਹੈ ?
ਇਸ ਵਿਚ
ਨਵੀਂ ਗਲ ਨਾ ਕੋਈ
ਸੁਣਿਆ ਤੁਸੀ
ਇਹ ਪਹਿਲਾਂ ਸੈਬ ਹੈ ॥

ਭਾਲ ਰਿਹਾ ਹਾਂ
ਮੈਂ ਭੀ ਉਹਨੂੰ ਹਾਏ,
ਮੈਨੂੰ ਹਾਲੇ ਤਕ ਮਿਲਿਆ ਨਹੀਂ ॥
ਦਿਲ ਮੇਰੇ ਦੇ
ਮਾਰੂਥਲ ਵਿਚ
ਫੁਲ ਉਹਦੇ ਪਿਆਰ ਦਾ ਖਿਲਿਆ ਨਹੀਂ ॥

ਦੁਨੀਆਂ ਦਿਆਂ
ਦਸਿਆਂ ਰਾਹਾਂ 'ਚੋਂ
ਚੁਣੀ ਨਹੀਂ ਹਾਲੇ ਮੈ ਕੋਈ ਰਾਹ ॥
ਇਸ ਗਲ ਦਾ
ਗਿਆਨ ਹੈ ਮੈਨੂੰ
ਨਿਤ ਸੁਕਦੇ ਜਾਂਦੇ ਮੇਰੇ ਸਾਹ ॥

ਮਿਲਨਾ ਚਾਹੇ ਉਹਨੂੰ
ਜੇ ਇਸ ਜਗ ਤੇ ਬੰਦਾ
ਫੇਰ ਭਲਾ ਉਹ ਕੀ ਕਰੇ?
ਬਸ ਮੰਨ ਲਵੇ
ਉਹ 'ਹੋਂਦ ਨੂੰ ਉਹਦੀ'
ਤੇ ਉਹਦੇ ਕੋਲੋਂ ਸਦਾ ਡਰੇ ॥

ਦਸਾਂ ਨੌਹਾਂ ਦੀ
ਕਿਰਤ ਤੂੰ ਕਰਨਾ
ਇਹ ਹੀ ਰਬ ਹੈ ॥
ਨਾ ਕਿਸੇ ਨੂੰ ਡਰੋਣਾ
ਨਾ ਕਿਸੇ ਤੋਂ ਡਰਨਾ
ਇਹ ਹੀ ਰਬ ਹੈ ॥
ਅੱਖਾਂ ਨਾਲ
ਬੁਰਾ ਨਾ ਤਕਣਾ
ਇਹ ਹੀ ਰੱਬ ਹੈ ॥
ਹੱਕ ਪਰਾਇਆ
ਕਦੇ ਨਾ ਰਖਣਾ
ਇਹ ਹੀ ਰੱਬ ਹੈ ॥
ਜੀਭ ਨਾਲ
ਕੋੜੇ ਬੋਲ ਨਾ ਬੋਲੋ
ਇਹ ਹੀ ਰੱਬ ਹੈ ॥
ਹਥ ਫੜ ਤਕੜੀ
ਘਟ ਨਾ ਤੋਲੋ
ਇਹ ਹੀ ਰਬ ਹੈ ॥
ਕੰਨਾਂ ਨਾਲ
ਨਹੀਂ ਸੁਣਨੀ ਨਿੰਦਾ
ਇਹ ਹੀ ਰੱਬ ਹੈ ॥
ਜਾਣੋ ਉਹ ਹੀ ਹੈ
ਸਭ ਨੂੰ ਦਿੰਦਾ
ਇਹ ਹੀ ਰੱਬ ਹੈ ॥
ਹੱਥ ਕਰਨ
ਸਦਾ ਲੋਕਾਂ ਦੀ ਸੇਵਾ
ਇਹ ਹੀ ਰੱਬ ਹੈ ॥
ਵੰਡੋ ਜਿੰਨਾਂ
ਵੰਡ ਸਕੋ ਇਹ ਮੇਵਾ
ਇਹ ਹੀ ਰੱਬ ਹੈ ॥
ਪੈਰ ਤੁਰਨ
ਸਦਾ ਉਹਦੀ ਰਾਹੇ
ਇਹ ਹੀ ਰੱਬ ਹੈ ॥



ਕਰੋ ਉਹੀ
ਜੋ ਮਾਲਕ ਚਾਹੇ
ਇਹ ਹੀ ਰੱਬ ਹੈ ॥
ਮਾੜਾ ਨਹੀਂ
ਕੋਈ ਹੈ ਬੰਦਾ
ਇਹ ਹੀ ਰੱਬ ਹੈ ॥
ਜਾਣੋ ਖੁਦ ਨੂੰ
ਸਭ ਨਾਲੋਂ ਮੰਦਾ
ਇਹ ਹੀ ਰੱਬ ਹੈ ॥
ਖੁਦ ਨਾ ਦਿਓ
ਕਿਸੇ ਨੂੰ ਸਜ਼ਾ
ਇਹ ਹੀ ਰੱਬ ਹੈ ॥
ਰਹਿਣਾ ਸਿਖੋ
ਵਿਚ ਉਹਦੀ ਰਜ਼ਾ
ਇਹ ਹੀ ਰੱਬ ਹੈ ॥
ਕਿਸੇ ਭੁਖੇ ਨੰਗੇ ਤੇ
ਹੋਵੋ ਦਿਆਲ
ਇਹ ਹੀ ਰੱਬ ਹੈ ॥
ਜੇ ਤਕੜਾ ਰਖੇ
ਕਿਸੇ ਮਾੜੇ ਦਾ ਖਿਆਲ
ਇਹ ਹੀ ਰੱਬ ਹੈ ॥
ਮੰਨ ਆਪਣੇ ਨੂੰ
ਉਹਦੇ ਰੰਗ ਰੰਗਣਾ
ਇਹ ਹੀ ਰੱਬ ਹੈ ॥
ਉਸ ਤੋਂ ਛੁਟ
ਕਿਸੇ ਕੋਲੋਂ ਨਾ ਮੰਗਣਾ
ਇਹ ਹੀ ਰੱਬ ਹੈ ॥
ਕਿਸੇ ਦੇ ਕੰਮ ਔਣ ਲਈ
ਸਦਾ ਰਹਿਣਾ ਤਿਆਰ
ਇਹ ਹੀ ਰੱਬ ਹੈ ॥
ਬੁਕ ਭਰ ਭਰਕੇ
ਸਦਾ ਵੰਡਣਾ ਪਿਆਰ
ਇਹ ਹੀ ਰੱਬ ਹੈ ॥

ਰਖਿਆ ਕਿਸੇ
ਕਮਜ਼ੋਰ ਦੀ ਕਰਨਾ
ਇਹ ਹੀ ਰੱਬ ਹੈ ॥
ਢਿਡ ਕਿਸੇ
ਭੁੱਖੇ ਦਾ ਭਰਨਾਂ
ਇਹ ਹੀ ਰੱਬ ਹੈ ॥
ਕਿਸੇ ਦੇ ਦਿਲ ਨੂੰ
ਕਦੇ ਨਾ ਦੁਖੋਣਾ
ਇਹ ਹੀ ਰੱਬ ਹੈ ॥
ਕਿਸੇ ਦੁਖੀ ਦਾ
ਦੁਖ ਦਰਦ ਵੰਡੋਣਾ
ਇਹ ਹੀ ਰੱਬ ਹੈ ॥
ਜੇ ਬੰਦਿਆ
ਤੂੰ ਚਾਹੇ ਦੇਖਣਾ
ਪਰਤਖ ਰੂਪ ਵਿਚ
ਰਬ ਨੂੰ ਹਸਦਾ ॥
ਅੱਜ ਤੋਂ ਉਹਦੀ
ਸੌਂਹ ਤੂੰ ਖਾ ਲੈ
'ਭਜੀ' ਦੁਖਾਈਂ ਨਾ ਤੂੰ ਦਿਲ ਕਿਸੇ ਦਾ
ਰਬ ਹੈ ਹਰ ਇਕ ਦਿਲ ਵਿਚ ਵਸਦਾ ॥



## ਤੂੰ—ਹੀ—ਤੂੰ

ਤੂੰ ਹੀ ਦਸ,
ਮੈਂ ਤੈਨੂੰ ਕੀ ਆਖਾਂ ॥
ਮਾਂ ਆਖਾਂ,
ਜਾਂ ਬਾਪ ਆਖਾਂ ॥
ਭੈਣ ਆਖਾਂ,
ਜਾਂ ਭਰਾ ਆਖਾਂ ॥
ਯਾਰ ਆਖਾਂ,
ਕਿ ਦਿਲਦਾਰ ਆਖਾਂ ॥
ਜਾਂ ਫਿਰ ਮੈਂ ਤੈਨੂੰ,
ਸਜਰਾ ਸਜਰਾ ਪਿਆਰ ਆਖਾਂ ॥

ਮੈਂ ਕੀ ਹਾਂ?
ਮੈਂ ਤੇ ਕੁਛ ਭੀ ਨਹੀਂ ॥
ਤੇਰੇ ਸਾਹਮਣੇ ਹਾਂ,
ਮੈਂ ਤੁੱਛ ਭੀ ਨਹੀਂ ॥

ਤੂੰ ਸਚਾ,
ਮੈਂ ਝੂਠਾ ਦਾਤਾ ॥
ਤੂੰ ਪਾਕ,
ਮੈਂ ਜੂਠਾ ਦਾਤਾ ॥
ਤੂੰ ਦਾਨੀ,
ਮੇਰੇ ਹੱਥ ਠੂਠਾ ਦਾਤਾ ॥

ਰੋਜ਼ ਮੈਂ ਤੇਰੇ ਦਰ ਤੇ ਆਕੇ,
ਤੇਰੇ ਕੋਲੋਂ ਕੁਛ ਨ ਕੁਛ ਮੰਗਾਂ ॥

ਹੋਰ ਕਿਸੇ ਕੋਲੋਂ ਮੰਗ ਨਾਂ ਹੋਵੇ,
ਤੈਥੋਂ ਮੰਗਦਾ ਮੈਂ ਨਾਂ ਸੰਗਾਂ ॥

ਜਦ ਮੈਂ ਦਰ ਤੇਰੇ ਆਇਆ
ਖੈਰ ਤੂੰ ਤੂਠੇ ਮੇਰੇ ਪਾਇਆ ॥
ਨਾ ਕਦੇ ਤੂੰ ਗੁੱਸਾ ਕੀਤਾ,
ਮੱਥੇ ਵੱਟ ਭੀ ਕਦੇ ਨਾ ਪਾਇਆ ॥

ਮੈਂ ਹਾਂ ਇਕ ਨਿੱਕਾ ਜਿਹਾ ਟੋਭਾ,
ਤੂੰ ਇਕ ਸਾਗਰ ਅਥਾਹ ॥
ਮਿਲਣ ਦਾ ਰਸਤਾ ਨਾ ਕੋਈ ਲੱਭੇ,
ਤੂੰਹੀਓਂ ਦਸ ਕੋਈ ਮੈਨੂੰ ਰਾਹ ॥

ਚਾਰ ਚੁਫੇਰੇ ਘੇਰਾ ਪਾਇਆ,
ਮੈਨੂੰ ਉਚੀਆਂ ਉਚੀਆਂ 'ਵੱਟਾਂ' ॥
ਛਾਲ ਮਾਰ ਕੇ ਤੂੰਹੀਓ ਟੱਪ ਆ
ਮੈਂ ਇਹਨੂੰ ਕਿਦਾਂ ਕੱਟਾਂ ॥

ਦੇਖੀਂ ਜ਼ਿਆਦਾ ਦੇਰ ਨਾ ਲਾਈਂ,
ਮੁੱਕਦੇ ਜਾਂਦੇ ਮੇਰੇ ਸਾਹ ॥
ਹੋਰ ਨਾ ਕੋਈ ਝੱਲੇ ਮੈਨੂੰ,
ਤੂੰਹੀਓਂ ਮੈਨੂੰ ਦੇਦੇ ਪਨਾਹ ॥

ਮੈਂ ਹਾਂ ਇਕ ਉਜਾੜ ਦਾ ਵਾਸੀ,
ਕੀ ਜਾਣਾਂ ਦਰਿਆਵਾਂ ਦੀਆਂ ਮੌਜਾਂ ॥
ਤ੍ਰਿਹਾਇਆ ਮਿਰਗ ਫਿਰਾਂ ਮਾਰੂਥਲ 'ਚ,
ਉਥੇ ਮੈਂ ਪਾਣੀ ਨੂੰ ਖੋਜਾਂ ॥

ਦੂਰ ਦਰਾਡੇ ਮੈਨੂੰ ਇਕ ਥਾਂ ਤੇ,
ਥੋੜਾ ਪਾਣੀ ਨਜ਼ਰੀਂ ਆਵੇ ॥
ਜਿਵੇਂ ਜਿਵੇਂ ਮੈਂ ਉਸ ਵਲ ਜਾਵਾਂ,
ਉਹ ਮੇਰੇ ਅਗੇ ਅਗੇ ਧਾਵੇ ॥



ਮਰ ਜਾਵਾਂਗਾ ਇਸ ਮਾਰੂਥਲ ਵਿਚ,
ਮੈਂ ਪਾਣੀ ਦੇ ਪਿਛੇ ਭੱਜਦਾ ॥
ਪਾਪੀ ਪੇਟ ਹੈ ਏਨਾ ਭੁੱਖਾ,
ਜੋ ਨਾ ਹੈ ਕਦੇ ਵੀ ਰੱਜਦਾ ॥

ਮੈਂ ਹਾਂ ਇਕ ਗੰਦਾ ਨਾਲਾ,
ਤੂੰ ਏਂ ਇਕ ਵੱਗਦਾ ਦਰਿਆ ॥
ਮੇਰੀ ਗੰਦਗੀ ਦੂਰ ਹੋ ਜਾਊ,
ਜੇ ਤੂੰ ਲਵੇਂ ਆਪਣੇ ਵਿਚ ਰਲਾ ॥

ਮੈਂ ਹਾਂ ਇਕ ਧਰਤੀ ਦਾ ਕੀੜਾ,
ਤੂੰ ਅੰਬਰੀਂ ਉਡਦਾ ਚਿੱਟਾ ਬਾਜ਼ ॥
ਜਾਂ ਫੇਰ ਗੀਤ ਤੂੰ ਕੋਈ ਅਰਸ਼ਾਂ ਦਾ,
ਤੇ ਮੈਂ ਹਾਂ ਇਕ ਬੇਸੁਰਾ ਸਾਜ ॥

ਤੂੰ ਏਂ ਇਕ ਬੁੱਢਾ ਬੋਹੜ,
ਖੜਾ ਕਈ ਸਦੀਆਂ ਪੁਰਾਣਾ ॥
ਮੈਂ ਇਕ ਤੁਰਿਆ ਜਾਂਦਾ ਰਾਹੀ,
ਦੋ ਪਲ ਠਹਿਰ ਜਿਹਨੇ ਤੁਰ ਜਾਣਾ ॥

ਜਿੰਨੀਂ ਕੋਸ਼ਿਸ਼ ਕਰਾਂ ਤੈਨੂੰ ਸਮਝਣ ਦੀ,
ਉਨਾ ਉਲਝੇ ਹੋਰ ਇਹ ਰਾਜ਼ ॥
ਜਾਣ ਬੁਝ ਨਾ ਕੋਈ ਗੁਸਤਾਖੀ ਕੀਤੀ,
ਪਤਾ ਨਹੀਂ ਤੂੰ ਕਿਉਂ ਨਰਾਜ਼ ॥

ਜ਼ਿੰਦਗੀ ਦੇ ਬਿਖਰੇ ਰਾਹਾਂ ਤੇ,
ਮੈਂ ਤੁਰਦਾ ਤੁਰਦਾ ਥੱਕ ਗਿਆ ਹਾਂ ॥
ਮੰਜ਼ਿਲ ਕਿਤੇ ਨਾ ਨਜ਼ਰੀਂ ਆਵੇ,
ਦੇਖ ਦੇਖ ਕੇ ਅੱਕ ਗਿਆ ਹਾਂ ॥

ਤੂੰ ਨਾ ਮੰਦਰ,
ਤੂੰ ਨਾ ਮਸਜਿਦ,
ਨਾ ਤੂੰ ਏਂ ਕਿਸੇ ਗੁਰਦੁਆਰੇ ॥

ਲੋਕੀ ਉਥੇ ਲੱਭਦੇ ਫਿਰਦੇ,
ਉਹ ਕੀ ਜਾਨਣ ਤੇਰੀ ਸਾਰ ਵਿਚਾਰੇ ॥

ਤੂੰ ਉਹਨਾਂ ਦੇ ਦਿਲ ਵਿਚ ਵੱਸਦਾ,
ਜੋ ਹਨ ਦਾਤਾ ਪਿਆਰੇ ਤੇਰੇ ॥
ਹਰ ਜੀਅ ਦੇ ਅੰਦਰ ਤੂੰ ਬੈਠਾ
ਤੇਰਾ ਚਾਨਣ ਚਾਰ ਚੁਫੇਰੇ ॥

ਐਨਾ ਤੂੰ ਮੇਰੇ ਨੇੜੇ ਹੁੰਦਿਆਂ,
ਕਿਉਂ ਮੈਂ ਤੈਨੂੰ ਛੋਹ ਨਹੀਂ ਸਕਦਾ ॥
ਕਿਉਂ ਮੈਂ ਮੈਨੂੰ ਟੋਹ ਨਹੀਂ ਸਕਦਾ ॥

ਮੈਂ ਨਾ ਕੁੱਛ ਭੀ ਕਰਨੇ ਜੋਗਾ,
ਕਰਨ ਕਰਾਵਨ ਹਾਰ ਤੂੰ ਆਪੇ ॥
ਮੈਂ ਤਾਂ ਬਸ ਇਕ ਕਠਪੁਤਲੀ ਹਾਂ,
ਡੋਰ ਮੇਰੀ ਤੇਰੇ ਹੱਥ ਜਾਪੇ ॥

ਜਦ ਵੱਸ ਨਹੀਂ ਕੁੱਝ ਮੇਰੇ ਦਾਤਾ,
ਕਿਉਂ ਪਾਇਆ ਮੈਨੂੰ ਵਿਚ ਸੋਚਾਂ ॥
ਆਪਣੇ ਦਿਲ ਦਾ ਮਾਸ ਫੇਰ ਮੈਂ,
ਕਿਉਂ ਫਿਕਰਾਂ ਦੇ ਨੌਹਾਂ ਨਾਲ ਨੋਚਾਂ ॥

ਜਿੰਨੀਂ ਦੇਰ 'ਮੇਰੇ' ਵਿਚ,
'ਮੈਂ' ਹੈ ਬੈਠੀ,
ਮੇਰੇ ਵਿਚੋਂ ਬਦਬੂ ਆਵੇ ॥
ਸ਼ਾਇਦ ਇਸ ਬਦਬੂ ਤੋਂ ਡਰਦਾ,
ਤੂੰ ਨਾ ਮੇਰੇ ਵਿਚ ਸਮਾਵੇਂ ॥

ਮੇਰੇ ਵਿਚੋਂ ਮੈਂ ਤੂੰ ਕੱਢ ਦੇ ॥
ਮੇਰੇ ਤੇਰੇ ਦਾ ਭੇਦ ਤੂੰ ਛੱਡ ਦੇ ॥
ਤੇਰੇ ਵਿਚ ਬਸ,
ਮੈਂ ਖੋਹ ਜਾਵਾਂ ॥
ਤੇਰੇ ਉਤੇ,



ਮੈਂ ਮੋਹ ਜਾਵਾਂ ॥
ਤੇਰੇ ਨਾਲ,
ਇਕ ਮਿਕ ਹੋ ਜਾਵਾਂ ॥
ਜਿਵੇਂ ਪਾਣੀ ਦੇ ਨਾਲ ਪਾਣੀ ਮਿਲਦਾ,
ਨੇਰੇ ਨਾਲ ਪਰਛਾਵਾਂ ॥
ਮੈਂ ਫਿਰ ਮੈਨੂੰ ਨਜ਼ਰ ਨਾ ਆਵੇ ॥
ਜਿਧਰ ਦੇਖਾਂ ਤੈਨੂੰ ਪਾਵੇ ॥
ਤੇਰ ਮੇਰ ਦਾ ਭੇਦ ਮੁੱਕ ਜਾਵੇ ॥

'ਭਜੀ' ਮੁੱਕ ਜਾਵਾਂ ਮੈਂ,
ਹੋ ਜਾਵਾਂ ਤੂੰ ॥
ਬਸ ਤੂੰ ਹੀ ਤੂੰ ॥
ਤੂੰ ਹੀ ਤੂੰ ॥
ਤੂੰ ਹੀ ਤੂੰ ॥

# ਰੱਬ ਦੀ ਗੱਲ

ਰੱਬ ਦੀ ਗਲ,
ਸੁਣਨ ਨੂੰ ਦਿਲ ਕਰਦਾ,
ਪਰ ਉਹਦੀ ਗੱਲ,
ਕੋਈ ਕਰੇ ਤਾਂ ਸਹੀ।

ਇਕ ਦੂਏ ਤੋਂ,
ਸਭ ਨੇ ਡਰਦੇ,
ਪਰ ਉਹਦੇ ਕੋਲੋਂ,
ਕੋਈ ਡਰੇ ਤਾਂ ਸਹੀ।

ਦੁਖ ਸੁਖ ਨੇ,
ਜੀਵਨ ਦੇ ਸਾਥੀ,
ਪਰ ਇਸ ਤਰ੍ਹਾਂ ਇਹਨਾਂ ਨੂੰ ,
ਕੋਈ ਜ਼ਰੇ ਤਾਂ ਸਹੀ।

ਰੱਬ ਤਾਂ ਕਹਿੰਦੇ,
ਹਰ ਜੀ ਵਿਚ ਵਸਦਾ,
ਪਰ ਪਹਿਲਾਂ ਉਹਨੂੰ ਭਾਲੇ,
ਕੋਈ ਘਰੇ ਤਾਂ ਸਹੀ।

ਤਮ੍ਹਾਂ ਦਾ ਪਿਆਲਾ,
ਸਿਰਫ ਸਬਰ ਨਾਲ ਭਰਦਾ,
ਪਰ ਸਬਰ ਕਰਕੇ,
ਕੋਈ ਭਰੇ ਤਾਂ ਸਹੀ।

ਨਾਮ ਆਸਰੇ,
ਭਵਜਲ ਤਰਨ ਦੀ,



ਗਲ ਹਰ ਕੋਈ ਕਰਦਾ,
ਪਰ ਪਹਿਲਾਂ ਖੁਦ,
ਕੋਈ ਤਰੇ ਤਾਂ ਸਹੀ।
ਪ੍ਰੇਮ ਦੀ ਖੇਲ,
ਤਾਂ ਹੀ ਖੇਲੀ ਜਾਊ,
ਪਹਿਲਾਂ ਖੁਦ,
ਕੋਈ ਮਰੇ ਤਾਂ ਸਹੀ।

'ਭੱਜੀ' ਰੱਬ ਦਾ ਕਹਿੰਦੇ,
ਭਜੇ ਕੇ ਆ ਮਿਲਦਾ,
ਪਰ ਪਹਿਲਾਂ ਕਦਮ,
ਉਹ ਦੀਆਂ ਰਾਹਾਂ 'ਤੇ,
ਕੋਈ ਧਰੇ ਤਾਂ ਸਹੀ।

# ਰੱਬ ਦੇ ਘਰ ਦਾ ਰਾਹ

ਪਲ ਪਲ
ਉਮਰ ਹੈ ਮੇਰੀ ਘਟਦੀ
ਮੇਰੇ ਮੁੱਕਦੇ ਜਾਂਦੇ ਸਾਹ ॥

ਦਸੋ ਵੇ
ਮੈਨੂੰ ਕੋਈ ਦਸੋ
ਰਬ ਦੇ ਘਰ ਦਾ ਰਾਹ ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਤੂੰ ਰਖ ਲੈ ਲੰਬੇ ਕੇਸ ॥

ਕੋਈ ਆਖੇ
ਜੇ ਰਬ ਨੇ ਮਿਲਣਾ
ਤੂੰ ਰਖ ਗਰੀਬੀ ਵੇਸ ॥

ਹਥ ਦੇ ਵਿਚ
ਤੂੰ ਫੜਕੇ ਠੂਠਾ
ਦਰ ਦਰ ਧਕੇ ਖਾਹ ॥
ਮੇਰੇ ਮੁੱਕਦੇ ਜਾਂਦੇ ਸਾਹ ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਤੂੰ ਪੜ ਲੈ ਸਾਰੇ ਵੇਦ ॥

ਚਾਰ ਤਰਾਂ ਦੇ
ਇਨਸਾਨ ਨੇ ਹੁੰਦੇ
ਸਮਝ ਲਈਂ ਇਹ ਭੇਦ ॥





ਗਾਇਤਰੀ ਦੇ ਪਾਠ
ਤੂੰ ਯਾਦ ਕਰਕੇ
ਸਦਾ ਹੀ ਗਾਈ ਜਾਹ ॥
ਮੇਰੇ ਮੁੱਕਦੇ ਜਾਂਦੇ ਸਾਹ ॥

ਕੋਈ ਆਖੇ
ਜੇ ਰੱਬ ਨੂੰ ਮਿਲਣਾ
ਤੂੰ ਛਡ ਦੇ ਇਹ ਜੱਗ ॥

ਪਰਬਤ ਦੀ ਚੋਟੀ
ਜੋ ਰਿਸ਼ੀ ਹੈ ਰਹਿੰਦਾ
ਉਹਦੇ ਚਰਨੀਂ ਲੱਗ ॥

ਪੈਰਾਂ ਤੋਂ
ਤੂੰ ਹੋਕੇ ਨੰਗਾ
ਜੰਗਲ ਜੰਗਲ ਜਾਹ ॥
ਮੇਰੇ ਮੁੱਕਦੇ ਜਾਂਦੇ ਸਾਹ ॥

ਕੋਈ ਆਖੇ
ਜੇ ਰਬ ਨੂੰ ਮਿਲਣਾ
ਤੂੰ ਜਾਈਂ ਨਿਤ ਮਸੀਤੇ ॥

ਸਿਧਾ ਤੂੰ
ਜਾਵੇਂਗਾ ਜੰਨਤ ਨੂੰ
ਜੇ ਚੰਗੇ ਕੰਮ ਤੂੰ ਕੀਤੇ ॥

ਜੇ ਕੀਤਾ
ਕੋਈ ਕੰਮ ਤੂੰ ਮਾੜਾ
ਤਦ ਦੇਣਗੇ ਦੋਜ਼ਖ ਪਾ।
ਮੇਰੇ ਮੁੱਕਦੇ ਜਾਂਦੇ ਸਾਹ ॥

ਰੱਬ ਤੇ
ਮੇਰੇ ਵਿਚ ਖੜੇ ਨੇ
ਵੱਡੇ ਵੱਡੇ ਕਈ ਸੰਤ ॥

ਹਰ ਇਕ ਦੇ
ਰਾਹ ਨੇ ਵਖੋ ਵਖਰੇ
ਨਹੀਂ ਜਿਹਦਾ ਕੋਈ ਅੰਤ ॥

ਹਰ ਕੋਈ ਆਖੇ
ਤੂੰ ਬਣ ਮੇਰਾ ਚੇਲਾ।
ਤੈਨੂੰ ਦੇਊਂ ਮੈਂ ਰਸਤੇ ਪਾ।
ਮੇਰੇ ਮੁੱਕਦੇ ਜਾਂਦੇ ਸਾਹ ॥

ਪੁੱਛਿਆ ਆਖਰ
ਮੈਂ ਸਤਿਗੁਰੂ ਕੋਲੋਂ
ਉਹ ਗਲ ਸੁਣ ਮੇਰੀ ਹੱਸਿਆ ॥

ਫੇਰ ਉਹਨਾਂ ਨੇ
ਸਿਧੇ ਲਫਜਾਂ ਵਿਚ
ਇਕ ਰਾਹ ਮੈਨੂੰ ਦੱਸਿਆ ॥

ਕਹਿੰਦੇ 'ਭਜੀਂ' ਪਹਿਲਾਂ
ਧਰ ਸੀਸ ਤਲੀ ਤੇ
ਤੂੰ ਫੇਰ ਮੇਰੇ ਕੋਲ ਆਹ ॥
ਮੇਰੇ ਮੁੱਕਦੇ ਜਾਂਦੇ ਸਾਹ ॥







## ਰੱਬ ਤੇ ਮੈਂ

ਇਕ ਵੇਲਾ ਸੀ
ਜਦੋਂ ਇਸ ਜਗ ਤੇ
ਹਰ ਪਾਸੇ ਸੀ ਧੂੰਧੂੰਕਾਰਾ ॥

ਨਾ ਹੀ ਕੋਈ
ਉਦੋਂ ਨਾਦ ਸੀ ਵਜਦਾ
ਨਾ ਭੇਰੀਆਂ ਦਾ ਸੀ ਭੂੰ ਭੁੰਕਾਰਾ ॥

ਬੈਠੇ ਬੈਠੇ ਦੇ
ਉਹਦੇ ਦਿਲ ਵਿਚ
ਆਇਆ ਇਕ ਖਿਆਲ ॥

ਇਹ ਦੁਨਿਆ
ਫਿਰ ਉਸਨੇ ਸਾਜੀ
ਹੋਕੇ ਸਾਡੇ ਉਤੇ ਦਿਆਲ ॥

ਰਬ ਨੇ ਤਾਂ
ਬਣਾਈ ਸੀ ਧਰਤੀ
ਅਸੀਂ ਵੰਡ ਵੰਡਕੇ
ਉਹਦੇ ਦੇਸ ਬਣਾ ਲਏ।

ਰਬ ਨੇ ਤਾਂ
ਬਣਾਇਆ ਸੀ ਬੰਦਾ
ਅਸੀਂ ਵਖੋ ਵਖਰੇ
ਆਣ ਭੇਸ ਬਣਾ ਲਏ।

ਵੰਡ ਲਏ ਅਸੀਂ
ਨਦੀਆਂ ਦੇ ਪਾਣੀ
ਪਰ ਸਮੁੰਦਰ ਨਹੀਂ
ਵੰਡੇ ਗਏ ਹੁਣ ਤੀਕ ॥

ਉਹ ਭੀ ਬੰਦਾ
ਕਦੋਂ ਦਾ ਵੰਡ ਲੈਂਦਾ
ਜੇ ਪਾਣੀ ਉਤੇ
ਪੈ ਸਕਦੀ ਲੀਕ ॥

ਛਡਕੇ ਅਸੀਂ
ਉਹਦੇ ਰਿਵਾਜ ਤੇ ਰਸਮਾਂ
ਕੀਤਾ ਉਹ
ਜੋ ਸਾਨੂੰ ਲਗਾ ਠੀਕ ॥

ਜਦ ਕਿਸੇ ਨੇ
ਸਾਡੀ ਸੁਣੀ ਨਾ ਗੱਲ
ਅਸੀਂ ਮਾਰੀ
ਉਚੀ ਸਾਰੀ ਚੀਕ ॥

ਕਿਸੇ ਨੇ ਸਿਰ ਤੇ
ਟੋਪੀ ਰਖ ਲਈ
ਕਿਸੇ ਨੇ
ਸਿਰ ਤੇ ਬੰਨ੍ਹ ਲਈ ਪੱਗ ॥

ਕਿਸੇ ਨੇ ਦਿਤਾ
ਚੜ੍ਹਦੇ ਸੂਰਜ ਨੂੰ ਪਾਣੀ
ਕੋਈ ਛੁਪਦੇ ਨੂੰ
ਸਿਜਦੇ ਕਰਨ ਗਿਆ ਲਗ।

ਲੈਕੇ ਚਿੱਟੇ
ਰੰਗ ਦਾ ਖੱਦਰ
ਅਸੀਂ ਵਖੋ ਵਖਰੇ
ਰੰਗਾ ਦੇ ਨਾਲ ਰੰਗ ਲਿਆ ॥



ਕਹਿਕੇ ਉਹਨੂੰ
"ਇਹ ਮੇਰਾ ਝੰਡਾ"
ਅਸੀਂ ਲੰਮੀਆਂ ਡਾਂਗਾਂ ਦੇ
ਉਤੇ ਟੰਗ ਲਿਆ ॥

ਇਹ ਜ਼ਮੀਨ ਮੇਰੀ
ਇਹ ਘਰ ਹੈ ਮੇਰਾ ॥

ਇਹਦੇ ਵਿਚ
ਤੂੰ ਪੈਰ ਨਾ ਪਾਵੀਂ
ਕੰਮ ਨਹੀਂ ਕੋਈ ਏਥੇ ਤੇਰਾ ॥

ਇਹ ਕੌਮ ਮੇਰੀ
ਇਹ ਦੇਸ ਮੇਰਾ ॥

ਉਹ ਕੌਮ ਤੇਰੀ
ਉਹ ਦੇਸ਼ ਤੇਰਾ ॥

ਸ਼ੁਰੂ ਹੋਇਆ ਸੀ
ਜੋ ਥੋਹੜੀ ਜਹੀ ਥਾਂ ਲਈ
ਵਧਦਾ ਗਿਆ
ਫੇਰ 'ਮੈਂ' ਦਾ ਚੱਕਰ ॥

ਦੁਨੀਆ ਦੇ ਝਗੜੇ
ਸਭ ਪੈਦਾ ਹੋ ਗਏ
ਫੇਰ ਹੋਣੀ ਜਦੋਂ
ਮੈਂ ਦੀ ਮੈਂ ਨਾਲ ਟੱਕਰ ॥

ਵੰਡ ਲਿਆ
ਅਸੀਂ ਫੇਰ ਰਬ ਨੂੰ ਆਪੇ
ਕਿਸੇ ਰਾਮ
ਕਿਸੇ ਕਹਿ ਉਹਨੂੰ ਅਲਾ ॥

ਰਬ ਦੇ ਨਾਂ ਤੇ
ਅਜ ਮਾਰੇ ਲੋਕਾਂ ਨੂੰ
ਬੰਦਾ ਧਰਮ ਨਾਲ ਹੋਕੇ ਝੱਲਾ ॥
ਹੋਰ ਤਾਂ ਹੋਰ
ਜੇ ਅਲਾਹ ਨੂੰ ਮੰਨਦੇ
ਉਹ ਭੀ ਆਪਸ ਵਿਚ
ਲੜ ਲੜ ਮਰਦੇ ॥

ਇਸਾ ਨੂੰ ਭੀ
ਜੋ ਮੰਨਦੇ ਨੇ
ਉਹ ਇਕ ਦੂਜੇ ਤੇ
ਕੋਈ ਯਕੀਨ ਨਾ ਕਰਦੇ ॥

ਅਖਵੌਂਦੇ ਨੇ
ਜੋ ਭਗਤ ਹਰੀ ਦੇ
ਹਰਿਜਨਾਂ ਨੂੰ ਉਹੀ ਮਾਰਨ ॥

ਸਿਖ ਹੋ ਗਿਆ
ਅਜ ਸਿਖ ਦਾ ਵੈਰੀ
ਅਪਣੀ ਹੀ
ਬਸ ਮੈਂ ਦੇ ਕਾਰਨ ॥

ਬੰਦਾ ਚਾਹੇ
ਕੁਛ ਭੀ ਆਖੇ
ਰਬ ਤਾਂ ਇਕ ਹੈ
ਨਹੀਂ ਰਬ ਕੋਈ ਦੂਜਾ ॥

ਭਾਵੇਂ ਕਹੇ ਬੰਦਾ
ਮੈਂ ਰੱਬ ਨੂੰ ਮੰਨਦਾ
ਪਰ ਕਰਦਾ ਹੈ
ਉਹ ਸਦਾ ਮੈਂ ਦੀ ਪੂਜਾ ॥

ਬਹੁਤ ਵਡੀ ਹੈ
ਉਹਦੀ ਧਰਤੀ



ਬਹੁਤ ਵਡਾ ਹੈ
ਉਹਦਾ ਅੰਬਰ ਨੀਲਾ ॥

ਖੋਹਲ ਕੇ ਅਖਾਂ
ਜੇ ਬੰਦਾ ਤੱਕੇ
ਹਰ ਪਾਸੇ ਹੈ
ਉਹਦੀ ਲੀਲਾ ॥

ਸਭ ਦੇ ਵਿਚ
ਉਹ ਹੀ ਹੈ ਵਸਦਾ
ਕੀ ਚਿੱਟਾ, ਕਾਲਾ,
ਜਾਂ ਭੂਰਾ ਪੀਲਾ ॥

ਸਭ ਕੁਛ
ਉਹਦੇ ਹੁਕਮ 'ਚ ਰਚਦਾ
ਹਿਲਦਾ ਨਹੀਂ
ਬਿਨਾ ਹੁਕਮ ਦੇ ਤੀਲਾ ॥

ਹਰ ਇਕ ਨੂੰ
ਮੁਫਤ ਹਵਾ ਹੈ ਦਿੱਤੀ
ਮੁਫਤ ਹੀ ਉਸਨੇ
ਸਾਨੂੰ ਦਿੱਤਾ ਪਾਣੀ ॥

ਥੋਹੜੀ ਜੀ
ਬੱਸ ਮੇਹਨਤ ਕਰਕੇ
ਪੈਂਦੀ ਹੈ
ਸਾਨੂੰ ਰੋਟੀ ਕਮਾਣੀ।

ਬਸ ਉਹਨਾਂ
'ਦੋ ਟੁਕੜਾਂ' ਖਾਤਿਰ
ਬੰਦਾ ਦਿਨ ਤੇ ਰਾਤ ਪਿਆ ਭੱਜੇ ॥

ਦਾਣਿਆਂ ਦੇ ਨਾਲ
ਭਰ ਕਈ ਕੋਠੇ

ਫੇਰ ਭੀ ਭੁੱਖਾ
ਬੰਦਾ ਕਦੇ ਨਾ ਰੱਜੇ ॥

ਐ ਬੰਦੇ
ਕਰ ਧੋਖਾ ਬੰਦਿਆਂ ਨਾਲ
ਤੂੰ ਜੋ ਹੈ
ਇਹ ਧੰਨ ਕਮਾਇਆ ॥

ਏਥੇ ਦਾ
ਏਥੇ ਹੀ ਰਹਿ ਜਾਂਦਾ
ਹੁਣ ਤਾਈਂ
ਕਿਸੇ ਦੇ ਕੰਮ ਨਾ ਆਇਆ ॥

ਵੰਡ ਲੈਣਗੇ ਧੰਨ
ਤੇਰੇ ਪੁੱਤ ਧੀਆਂ
ਜਾਂ ਬਣਾ ਲਵੇਗਾ
ਕੋਈ ਸੋਹਣੇ ਮੰਦਰ ॥

ਪਰ ਪਾਪ ਤੇਰੇ
ਨਹੀਂ ਕਿਸੇ ਵੰਡੋਣੇ
ਜਦ ਗਿਆ
ਅਗਲੀ ਦੁਨਿਆ ਅੰਦਰ ॥

ਇਹ ਤਨ
ਜਿਸ ਤੇ ਮਾਣ ਹੈ ਤੈਨੂੰ
ਆਖਿਰ ਇਸ ਮਿਟੀ ਵਿਚ ਰਲਨਾ ॥

ਬਣ ਜਾਵੇਗਾ
ਸਵਾਹ ਇਹ ਜਲਕੇ
ਜਾਂ ਫੇਰ ਕੀੜੇ ਪੈਕੇ ਗਲਨਾ ॥

ਝਗੜਾ ਨਹੀਂ
ਕੋਈ ਦੇਸ ਧਰਮ ਦਾ



ਝਗੜਾ ਹੈ ਤਾਂ
ਬਸ ਮੈਂ ਦਾ ਝਗੜਾ ॥

ਕਾਇਮ ਰਖਣ ਲਈ
ਅਪਣੀ ਮੈਂ' ਨੂੰ
ਲਾ ਜਾਂਦੀ ਕਿਸੇ ਦੀ
'ਮੈਂ ਨੂੰ ਰਗੜਾ" ॥

ਉਹਦੀ ਮੈਂ ਫੇਰ
ਖਾਰ ਹੈ ਖਾਂਦੀ
ਨਵਾਂ ਕੋਈ ਫੇਰ
ਢੰਗ ਉਹ ਸੋਚੇ ॥

ਕਢਕੇ ਫੇਰ
ਕੋਈ ਨਵੀਂ ਨਖੁੰਦਰ
ਪਹਿਲੇ ਦੀ
ਉਹ ਮੈਂ ਨੂੰ ਨੋਚੇ ॥

ਮਰ ਜਾਂਦਾ ਹੈ
ਜਦ ਇਕ ਇਹਨਾਂ ਚੋਂ
ਜਿਤੇ ਹੋਏ ਦੀ
ਮੈਂ ਹੋਰ ਚੜ੍ਹਦੀ ॥
ਭਾਲਕੇ ਫੇਰ
ਹੋਰ ਕੋਈ ਮੈਂ
ਜਾਕੇ ਫੇਰ
ਉਹਦੇ ਨਾਲ ਲੜਦੀ ॥

ਇਹ ਝਗੜੇ ਰਹਿਣਗੇ
ਇਸੇ ਤਰਾਂ ਹੀ ਚਲਦੇ
ਜਦੋਂ ਤਕ ਹੈ
'ਮੈਂ' ਇਹ ਜੀਂਦੀ ॥

ਸਾਹ ਲੈਂਦੀ ਰਹੀ

ਮੁਫਤ ਹਵਾ ਨਾਲ
ਮੁਫਤ ਦਾ ਪਾਣੀ
ਰਹੀ ਇਹ ਪੀਂਦੀ ॥

ਬਕਰਾ,
ਇਕ ਜਾਨਵਰ ਹੈ ਐਸਾ
ਜੋ ਸਦਾ ਹੀ "ਮੈਂ ਮੈਂ" ਕਰਦਾ ॥

ਚਾਹੇ ਖੜਾ ਹੋਵੇ
ਉਹ ਵਿਚ ਵਾੜੇ ਦੇ
ਚਾਹੇ ਹੋਵੇ ਚਰਦਾ ॥

ਆਖਿਰ ਨੂੰ
ਕੱਢ ਓਹਦੀ ਆਂਦਰ
ਜਦੋਂ ਪਿੰਜਾ ਪਿੰਜਦਾ ਰੂੰ ॥

ਜਦ ਉਹਦੇ ਤੇ
ਵਜਦਾ ਡੰਡਾ
ਉਦੋਂ ਆਖੇ ਉਹ ਤੂੰ ਤੂੰ ॥

ਮੈਂ ਤੇ ਰਬ
ਦੋਨੋਂ ਇਕ ਥਾਂ
ਰਹਿ ਨਹੀਂ ਸਕਦੇ 'ਕੱਠੇ ॥

ਪਟ ਫੇਰ ਭੀ ਬੰਦਾ
ਜਾਣ ਬੁਝ ਕੇ
ਮੈਂ ਨੂੰ ਹੀ ਪੌਂਦਾ ਪੱਠੇ ॥

ਬੰਦਿਆਂ, ਜੇ ਤੂੰ ਰਬ ਨੂੰ ਮਿਲਣਾ,
ਬਕਰੇ ਵਾਂਗ ਮੈਂ ਮੈਂ ਕਰਨਾ ਛਡ ਦੇ ॥
ਤੇਰੇ ਹਥ ਵਸ
ਗਲ ਹੈ ਕੋਈ
ਇਕ ਖਿਆਲ ਤੂੰ ਦਿਲ 'ਚੋਂ ਕੱਢ ਦੇ ॥



ਕਿੰਨੇ ਤਰਾਂ ਦੇ
ਰਬ ਬਣਾ ਲੈ
ਮੈਂ ਨੇ ਲਾਕੇ
ਮੈਨੂੰ ਲਾਰੇ ॥

'ਭਜੀ' ਉਨੀ ਦੇਰ ਤਕ
ਰਬ ਨਾ ਮਿਲਦਾ
ਜਿਨੀ ਦੇਰ ਤਕ
ਬੰਦਾ 'ਮੈਂ' ਨਾ ਮਾਰੇ ॥

# 'ਮੈਂ' ਤੇ 'ਮੈਂ'

ਐ ਦਾਤਾ
ਹੁਣ ਤਾਈਂ
ਤੇਰੀਆਂ ਦਾਤਾਂ ਨੂੰ
ਮੈਂ ਰਿਹਾ ਹਾਂ ਮਾਣਦਾ ॥

ਤੂੰ ਕੌਣ ਏਂ?
ਤੂੰ ਕਿਥੇ ਏਂ?
ਇਸ ਬਾਰੇ
ਮੈਂ ਨਹੀਂ ਜਾਣਦਾ ॥

ਹੁਣ ਤਾਈਂ
ਹੀਰਿਆਂ ਦੀ ਭਾਲ ਵਿਚ
ਮੈਂ ਰਿਹਾ ਸੁਆਹ ਨੂੰ ਛਾਣਦਾ ॥

ਬਸ ਇਕ ਹੀ
ਗਲ ਦਾ ਫਿਕਰ ਹੈ ਰਹਿੰਦਾ
ਚੰਗਾ ਪ੍ਰੈਨਣ ਖਾਣ ਦਾ ॥

ਕਈ ਬਾਰ
ਮੈਂ ਤੈਨੂੰ ਜਾਨਣ ਦੀ
ਕੋਸ਼ਿਸ਼ ਕਰਦਾ ਹਾਂ ॥

ਜਦ ਭੀ
ਮੈਂ ਉਸ ਲਈ
ਤੇਰਿਆਂ ਰਾਹਾਂ ਤੇ
ਪਹਿਲਾ ਕਦਮ ਧਰਦਾ ਹਾਂ ॥



ਉਸੇ ਵੇਲੇ ਹੀ
ਝਟ ਮੇਰੀ ਮੈਂ
ਤੇਰੇ ਤੇ ਮੇਰੇ ਵਿਚ ਆ ਖੜਦੀ ਹੈ ॥
"ਰੱਬ ਕੋਈ ਨਹੀਂ
ਬਸ ਮੈਂ ਹੀ ਮੈਂ ਹਾਂ"
ਉਹ ਮੇਰੇ ਨਾਲ ਲੜਦੀ ਹੈ ॥
ਅੰਤ ਨੂੰ
ਮੇਰੀ ਹਾਰ ਹੁੰਦੀ ਹੈ
ਮੇਰੀ ਮੈਂ ਦੀ ਗਲ
ਸਿਰਫ ਸਿਰੇ ਚੜ੍ਹਦੀ ਹੈ ॥

ਉਹ ਮੈਨੂੰ
ਆਪਣੇ ਵਿਚ ਰਿਝੌਣ ਲਈ
ਲਖਾਂ ਖੇਖਣ ਘੜਦੀ ਹੈ ॥

ਤੇਰਾ ਨਾਂ
ਮੇਰੇ ਮੂੰਹੋਂ ਸੁਣਕੇ
ਉਹ ਅਗ ਦੇ ਵਾਂਗੂੰ ਸੜਦੀ ਹੈ ॥

ਮੈਂ ਮੇਰੀ
ਮੇਰੇ ਮੂਹਰੇ ਤੁਰਦੀ
ਮੈਂ ਜਿਧਰ ਭੀ ਜਾਵਾਂ ॥

ਮੈਂ ਮੇਰੀ
ਮੈਂ ਮੇਰੇ ਨਾਲ ਹੀ ਔਂਦੀ
ਜੇ ਮੈਂ ਗੁਰਦਵਾਰੇ ਆਵਾਂ ॥

ਮੇਰੀ ਮੈਂ ਨਾ
ਕਦੇ ਟੇਕੇ ਮੱਥਾ
ਮੈਂ ਭਾਵੇਂ ਆਪਣਾ ਸੀਸ ਝੁਕਾਵਾਂ ॥

ਮੈਂ ਮੇਰੀ ਤਾਂ
ਕਦੇ ਨਾ ਲੁਕਦੀ
ਮੈਂ ਭਾਵੇਂ ਲਖ ਲੁਕਾਵਾਂ ॥

ਸਹਿ ਜਾਵਾਂ
ਭਾਵੇਂ ਮੈਂ ਗਲ ਕਿਸੇ ਦੀ
ਪਰ ਮੈਂ ਮੇਰੀ ਨਾ ਕਿਸੇ ਦੀ ਸਹਿੰਦੀ ॥

ਭਾਲ ਕੇ ਸਦਾ
ਉਹ ਕੋਈ ਬਹਾਨਾ
ਸਾਰੀ ਦੁਨੀਆ ਨਾਲ ਹੈ ਖਹਿੰਦੀ।

ਡਰ ਜਾਵਾਂ
ਮੈਂ ਭਾਵੇਂ ਕਿਸੇ ਤੋਂ
ਪਰ ਮੈਂ ਮੇਰੀ ਨਾ ਕਦੇ ਭੀ ਡਰਦੀ ॥

ਮਾਰ ਦੇਵੇ
ਭਾਵੇਂ ਕੋਈ ਮੈਨੂੰ
ਪਰ ਮੈਂ ਮੇਰੀ ਫਿਰ ਭੀ ਨਾ ਮਰਦੀ ॥

ਉਹ ਹਰ ਪਲ
ਹਰ ਘੜੀ
ਮੇਰੇ ਕੋਲ ਰਹਿੰਦੀ ਹੈ ॥

ਇਕ ਪਲ ਲਈ ਭੀ
ਮੇਰਾ ਵਿਸਾਹ ਨਹੀਂ ਕਰਦੀ
ਹਮੇਸ਼ਾ ਹਰ ਥਾਂ ਨਾਲ ਬਹਿੰਦੀ ਹੈ ॥

"ਹਾਲੇ ਤੇਰੇ
ਇਹ ਖਾਣ ਪੀਣ ਦੇ ਦਿਨ ਨੇ"
ਉਹ ਇਹ ਗਲ
ਮੈਨੂੰ ਕਹਿੰਦੀ ਏ ॥

ਮੈਂ ਭੀ ਝਟ
ਉਹਦੀਆਂ ਮਿਠੀਆਂ ਮਿਠੀਆਂ
ਗਲਾਂ ਵਿਚ ਆ ਜਾਂਦਾ ਹਾਂ ॥

ਦੁਨਿਆਵੀ ਚੀਜ਼ਾਂ ਵਿਚ
ਮਸਤ ਹੋਕੇ
ਫੇਰ ਧੋਖਾ ਖਾ ਜਾਂਦਾ ਹਾਂ ॥



ਮੈਨੂੰ ਪਤਾ ਹੈ
ਜਿੰਨੀ ਦੇਰ ਇਹ
ਮੇਰੀ ਮੈਂ ਜਿਉਂਦੀ ਹੈ
ਮੇਰਾ ਤੇਰੇ ਨਾਲ
ਮੇਲ ਨਹੀਂ ਹੋ ਸਕਦਾ ॥

ਕਿਸੇ ਤਰਾਂ
ਮੇਰਾ ਮੈਂ ਤੋਂ
ਪਿਛਾ ਛੁਟ ਜਾਵੇ
ਕੀ ਕੋਈ ਐਸਾ
ਖੇਲ ਨਹੀਂ ਹੋ ਸਕਦਾ?

ਐ ਦਾਤਾ
ਤੂੰ ਤੇ ਖੜਗਧਾਰ ਏਂ
ਤੂੰ ਮੇਰੀ ਇਹ ਮੈਂ ਮਾਰ ਦੇ ॥

ਮੇਰੀ ਮਦਦ ਕਰ
ਉਹ ਫੇਰ ਦੁਬਾਰਾ
ਉਠ ਨਾ ਸਕੇ
ਇਸਨੂੰ ਕਰਾਰੀ ਹਾਰ ਦੇ ॥

ਤੇ ਫੇਰ ਜਦੋਂ
ਮੇਰੇ ਕਦਮ
ਤੇਰੇ ਵਲ ਨੂੰ ਤੁਰਨਗੇ
ਮੈਨੂੰ ਕੋਈ ਨਹੀਂ ਰੋਕੇਗਾ ॥

ਤੇ ਫੇਰ ਜਦੋਂ
ਮੈਂ ਤੇਰੇ ਨਾਲ
ਗਲਾਂ ਕਰਦਾ ਹੋਇਆ
ਮੈਨੂੰ ਕੋਈ ਨਹੀਂ ਟੋਕੇਗਾ ॥

ਤੇਰੇ ਤੇ
ਮੇਰੇ ਵਿਚ
ਇਕ ਤਰਫਾ ਪਰਦਾ ਹੈ ॥

ਤੂੰ ਤੇ ਮੈਨੂੰ
ਸਦਾ ਦੇਖ ਰਿਹਾ ਏਂ
ਮੇਰਾ ਭੀ ਦਿਲ
ਤੈਨੂੰ ਦੇਖਣ ਨੂੰ ਕਰਦਾ ਹੈ ॥

ਇਸ ਭੁਲੇ ਭਟਕੇ ਹੋਏ
ਇਨਸਾਨ ਨੂੰ
ਤੂੰ ਲਾ ਲੈ
ਆਪਣੀਆਂ ਸ਼ਰਨਾਂ ਵਿਚ ॥

ਬਸ ਦੇਦੇ 'ਭਜੀ' ਨੂੰ
ਥੋੜੀ ਜਹੀ ਥਾਂ ਦਾਤਾ
ਆਪਨਿਆਂ ਚਰਨਾਂ ਵਿਚ ॥



## ਮੈਂ ਤੇ ਕੁੱਤਾ

*"ਕਬੀਰ ਕੂਕਰੁ ਰਾਮ ਕੋ*
*ਮੁਤੀਆ ਮੇਰੋ ਨਾਉ ॥*
*ਗਲੇ ਹਮਾਰੇ ਜੇਵਰੀ*
*ਜਹ ਖਿੰਚੈ ਤਹ ਜਾਉ ॥"*

ਸਾਡੇ ਘਰ
ਇਕ ਕਾਲਾ ਕੁੱਤਾ
ਨਾਂ ਜਿਹਦਾ ਹੈ ਸੋਨਾ ॥
ਚੁਪ ਚੁਪੀਂਦੇ
ਉਹ ਰਹਿੰਦਾ ਬੈਠਾ
ਮੱਲਕੇ ਘਰ ਦਾ ਕੋਨਾ ॥

ਹਾਕ ਉਹਨੂੰ ਮੈਂ
ਜਦੋਂ ਵੀ ਮਾਰਾਂ
ਉਹੋ ਭਜ ਕੇ ਆਵੇ ॥
ਲੇਟੇ ਉਹ ਮੇਰੇ ਪੈਰਾਂ 'ਤੇ
ਪਿਆਰ ਨਾਲ ਪੂੰਛ ਹਲਾਵੇ।
ਜੋ ਭੀ
ਰੁਖਾ ਸੁਖਾ ਮੈਂ ਦੇਵਾਂ
ਉਹ ਬੜੇ ਪਿਆਰ ਨਾਲ ਖਾਵੇ।
ਮੱਲਕੇ ਬੈਠਾ
ਉਹ ਮੇਰਾ ਬੂਹਾ
ਕਦੇ ਨਾ ਛਡਕੇ ਜਾਵੇ ॥

ਇਹਨਾਂ
ਦੋ ਟੁਕਾਂ ਦੇ ਬਦਲੇ

ਉਹ ਦੇਂਦਾ ਨਿਤ ਪਹਿਰਾ।
ਭਾਵੇਂ ਹੋਣ
ਉਹ ਪੋਹ ਦੀਆਂ ਰਾਤਾਂ
ਜਾਂ ਹਾੜ ਦਾ ਸਿਖਰ ਦੁਪਹਿਰਾ ॥
ਅਚਨਚੇਤ
ਜੇ ਉਹਨੂੰ ਸੁਣੇ ਖੜਕਾ
ਸੁਤਾ ਪਿਆ ਉਹ ਚੌਂਕੇ ॥
ਔਣਾ ਕਿਸੇ ਦਾ
ਦਸਣ ਦੇ ਲਈ
ਉਹ ਉੱਚੀ ਉੱਚੀ ਭੌਂਕੇ ॥

ਬੈਠਣ ਲਈ
ਉਹਦੇ ਇਕ ਖੋਖਾ
ਇਕ ਪਾਟੀ ਹੋਈ ਤਪੜ ॥
ਕੰਨ ਲਪੇਟਕੇ
ਉਹ ਸਹਿ ਜਾਂਦਾ ਹੈ
ਮੇਰੀਆਂ ਝਿੜਕਾਂ ਥੱਫੜ ॥

ਗਲ ਉਹਦੇ ਵਿਚ
ਇਕ ਪਟਾ ਹੈ ਪਾਇਆ
ਜਿਸ ਤੇ ਮੇਰਾ ਨਾਂ ॥

ਜੇ ਗੁਆਚ ਗਿਆ ਤਾਂ
ਝਟ ਪਤਾ ਲਗੇ ਗਾ
ਕੇਹੜੀ ਇਹਦੀ ਥਾਂ ॥

ਛਡਕੇ ਕਿਤੇ
ਜੇ ਘਰ ਉਹ ਮੇਰਾ
ਗੁਆਂਢੀਆਂ ਦੇ ਘਰ ਜਾਏਗਾ ॥
ਮਾਰੇਗਾ
ਉਹਨੂੰ ਕੋਈ ਡੰਡਾ
ਰੋਟੀ ਨਹੀਂ ਕੋਈ ਪਾਏਗਾ ॥

ਖਾ ਕੇ ਧੱਕੇ
ਕੁਛ ਦੇਰ ਬਾਹਿਰ



ਜਦ ਥੱਕਿਆ ਟੁਟਿਆ ਆਏਗਾ ॥
ਫੇਰ ਉਹ
ਆਪਣੀ ਪੂੰਛ ਹਿਲੋਂਦਾ
ਮੈਥੋਂ ਝਿੜਕਾਂ ਖਾਏਗਾ ॥

ਗੁਆਚਾ ਹੋਇਆ
ਜੇ ਇਹ ਕੁੱਤਾ
ਹਥ ਕਿਸੇ ਦੇ ਆਊ ॥
ਤਾਂ ਉਹ
ਕੰਨੋ ਫੜਕੇ ਇਹਨੂੰ
ਮੇਰੇ ਕੋਲ ਲਿਆਊ।

ਇਸ ਕੁੱਤੇ ਦੇ
ਵਾਂਗਰ ਹੀ ਮੈਂ
ਨਿਤ ਢਿਡ ਅਪਣੇ ਨੂੰ ਭਰਦਾ ॥
ਪਰ ਦੇਂਦਾ
ਜੋ ਟੁਕੜਾ ਮੈਨੂੰ
ਮੈਂ ਯਾਦ ਨਾ ਉਹਨੂੰ ਕਰਦਾ ॥

ਛਡ ਰਖਿਆ
ਮੈਂ ਉਹਦਾ ਬੂਹਾ
ਨਾ ਉਹਦੇ ਦਰ ਤੇ ਜਾਵਾਂ ॥
ਪਾਕੇ ਉਸ ਤੋਂ
ਸਾਰੀਆਂ ਦਾਤਾਂ
ਸ਼ੁਕਰ ਨਾ ਕਦੇ ਮਨਾਵਾਂ ॥

ਜੋ ਗਲ
ਮੇਰੇ ਮਾਲਿਕ ਆਖੀ
ਦੇਵਾਂ ਨਾ ਉਸ ਤੇ ਪਹਿਰਾ ॥
ਸੁਤਿਆਂ ਹੀ
ਸਭ ਰਾਤਾਂ ਲੰਘਿਆ
ਲੰਘ ਗਿਆ ਇੰਜ ਦੁਪਿਹਰਾ ॥

ਅਪਣੇ ਗਲ ਵਿਚ
ਮੈ ਮਾਲਕ ਆਪਣੇ ਦਾ
ਪੱਟਾ ਭੀ ਕਦੇ ਨਹੀ ਹੈ ਪਾਇਆ ॥
ਕਿਥੇ ਕੋਈ
ਛਡੇਗਾ ਮੈਨੂੰ
ਜੇ ਹੱਥ ਕਿਸੇ ਦੇ ਆਇਆ ॥

ਆਇਆ ਸੀ
ਜਦ ਵਿਚ ਦੁਨੀਆਂ ਦੇ
ਮੈਂ ਬਣਕੇ ਇਕ ਬਾਲਕ ॥
ਪਾ ਲਿਆ
ਪਿਆਰ ਮੈਂ ਨਾਲ ਦੁਨੀਆਂ ਦੇ
ਭੁੱਲ ਗਿਆ ਆਪਣਾ ਮਾਲਕ ॥

ਆਪਣੀਆਂ ਲੋੜਾਂ
ਕਰਨ ਲਈ ਪੂਰੀਆਂ
ਮੈਂ ਥਾਂ ਥਾਂ ਖਾਵਾਂ ਧੱਕੇ ॥
ਚਾਰ ਦਿਨ
ਇਸ ਜਗ ਤੇ ਰਹਿਣ ਲਈ
ਮੈਂ ਪਾਕੇ ਬਹਿ ਗਿਆ ਪੱਕੇ ॥

ਜਾਣ ਦੀ ਭਾਵੇਂ
ਮੇਰੀ ਸਲਾਹ ਨਾ ਕੋਈ
ਆਖਰ ਜਾਣਾ ਪੈਣਾ ॥
ਕੀ ਮੇਰਾ
ਭਲਾ ਮਾਲਕ ਆਖੂ
ਮੈਂ ਮੰਨਿਆ ਨਹੀਂ ਉਹਦਾ ਕਹਿਣਾ ॥

ਹਾਲੇ ਵਕਤ ਹੈ
ਤੇਰੇ ਕੋਲੇ ਬੰਦਿਆ
ਕੁਛ ਕੁਤੇ ਤੋਂ ਹੀ ਸਿਖ ਲੈ।
ਪੜ੍ਹ ਲੈ
ਕਿਤੇ ਕੋਈ ਗੱਲ ਉਹਦੀ
ਕੁਛ ਉਹਦੇ ਬਾਰੇ ਲਿਖ ਲੈ ॥



ਹਲਕੇ ਹੋਏ
ਕੁੱਤੇ ਵਾਂਗੂੰ
ਨਾ ਐਵੇਂ ਏਧਰ ਓਧਰ ਭੱਜ ॥
ਕਦੇ ਕਿਸੇ ਭੀ
ਬੰਦੇ ਦੇ ਦਿਤਿਆਂ
ਨਹੀਂ ਤੈਨੂੰ ਔਣਾ ਰੱਜ ॥

ਮਿਲਿਆ ਨਹੀਂ
ਜੇ ਤੈਨੂੰ ਮਾਲਕ ਦੇ ਦਰ ਤੋਂ
ਹੋਰ ਕਿਸੇ ਤੋਂ ਮਿਲਣਾ ਨਹੀਂ ॥
ਭਜੀ ਖਿੜਿਆ ਨਹੀਂ
ਜੋ ਫੁਲ ਸਮੁੰਦਰ ਦੇ ਕੰਡੇ
ਉਸ ਮਾਰੂਥਲ ਵਿਚ ਖਿੜਣਾ ਨਹੀਂ ॥

# ਵਰਖਾ

ਦੁਨੀਆਂ ਵਿਚ
ਜਦੋਂ ਕਿਸੇ ਭੀ ਕੋਨੇ
ਹੁੰਦੀ ਹੈ ਬਰਸਾਤ ॥
ਲਗਾਤਾਰ ਮੀਂਹ
ਪੈਂਦਾ ਰਹਿੰਦਾ
ਕਈ ਦਿਨ ਤੇ ਰਾਤ ॥

ਚਾਰ ਤਰ੍ਹਾਂ ਦੇ
ਜੀ ਨੇ ਐਸੇ
ਜੋ ਰੱਬ ਦਾ ਸ਼ੁਕਰ ਹੈ ਮਨੌਂਦੇ ॥
ਖੁਸ਼ੀਆਂ ਦੇ ਵਿਚ
ਉਹ ਨੱਚਦੇ ਟੱਪਦੇ
ਤੇ ਗੀਤ ਖੁਸ਼ੀ ਦੇ ਗੌਂਦੇ ॥

ਇਕ ਉਹਨਾਂ ਚੋ
ਹਿਰਨ ਹੈ ਹੁੰਦਾ
ਜਿਹਦੀ ਪੂਰੀ ਹੁੰਦੀ ਚਾਹ ॥
ਮੀਂਹ ਪੈਣ ਦੇ
ਝਟ ਮਗਰੋਂ ਹੀ
ਹਰ ਪਾਸੇ ਉਗਦਾ ਘਾਹ ॥

ਇਕ ਉਹਨਾਂ ਚੋ
ਸਪ ਨਾਲ ਖੁਸ਼ੀ ਦੇ
ਖੁਡ ਵਿਚੋਂ ਸਿਰ ਕੱਢੂ ॥
ਹਰ ਪਾਸੇ
ਉਹਨੂੰ ਖਾਣ ਨੂੰ ਮਿਲਦੇ
ਭਾਂਤ ਭਾਂਤ ਦੇ ਡੱਡੂ ॥



ਇਕ ਉਹਨਾਂ ਚੋਂ
ਜੀਵ ਹੈ ਐਸਾ
ਜਿਹਨੂੰ ਕਹਿੰਦੇ ਮੱਛੀ ॥
ਮੀਂਹ ਪੈਣ ਤੇ
ਹੋਰ ਵਧੇਗਾ ਪਾਣੀ
ਇਹ ਗਲ ਲਗਦੀ ਉਹਨੂੰ ਅੱਛੀ ॥

ਇਕ ਉਹਨਾਂ ਚੋਂ
ਕੋਈ ਪੈਸੇ ਵਾਲਾ
ਜੋ ਹੈ ਜਸ਼ਨ ਮਨੌਂਦਾ ॥
ਵੇਹਲੇ ਨੂੰ
ਹੋਰ ਕੰਮ ਨਾ ਕੋਈ
ਕਰਦਾ ਜੋ ਮੰਨ ਭੌਂਦਾ ॥

ਚਾਰ ਤਰ੍ਹਾਂ ਦੇ
ਹੋਰ ਜੀ ਨੇ ਐਸੇ
ਜੋ ਨਾ ਮੀਂਹ ਪਏ ਤੇ ਛਾਲਾਂ ਮਾਰਨ ॥
ਭਾਵੇਂ ਉਹਨਾਂ ਦੇ
ਵਖੋ ਵਖਰੇ ਹਨ
ਇਸ ਵਿਹਾਰ ਦੇ ਕਾਰਨ।

ਇਕ ਉਹਨਾਂ ਚੋਂ
ਗਊ ਦਾ ਜਾਇਆ
ਹੈ ਰੱਸਾ ਜਿਹਦੇ ਗਲ ॥
ਫਿਕਰ ਉਹਨੂੰ
ਇਹ ਲਗ ਹੈ ਜਾਂਦਾ
ਹੁਣ ਜੁੜਨਾ ਪਊ ਹਲ ॥

ਇਕ ਉਹਨਾਂ ਚੋਂ
ਕੋਈ ਗਰੀਬ ਹੈ ਐਸਾ
ਜਿਸਦੇ ਘਰ ਨਹੀਂ ਦਾਣੇ ॥
ਕਮ ਕਾਜ
ਜਦ ਠਪ ਹੋ ਜਾਂਦਾ
ਭੁਖੇ ਰੋਣ ਨਿਆਣੇ ॥

ਇਕ ਉਹਨਾਂ ਚੋਂ
ਕੋਈ ਬੇਬਸ ਰਾਹੀ
ਨਹੀਂ ਜਿਸਨੂੰ ਮਿਲਦੀ ਢੋਈ ॥
ਆਸੇ ਪਾਸੇ
ਉਹ ਪਿਆ ਤੱਕੇ
ਨਾ ਆਸਰਾ ਦੇਵੇ ਕੋਈ ॥

ਇਕ ਉਹਨਾਂ ਚੋਂ
ਨੌਕਰ ਘਰ ਦਾ
ਜਿਹਦੀ ਭਾਜੜ ਪੈਂਦੀ ॥
ਵੇ ਮਰਜਾਣਿਆ
ਛਤ ਘਰ ਦੀ ਚੋਂਦੀ
ਉਹਦੀ ਮਾਲਕਣ ਕਹਿੰਦੀ।

ਹੁੰਦੀ ਹੈ
ਜਦੋਂ ਨਾ ਦੀ ਵਰਖਾ
ਮਨਮੁਖ ਕਢਣ ਗਾਲਾਂ ॥
'ਭਜੀ' ਹਿਰਨ
ਤੇ ਮਛੀ ਵਾਂਗੂੰ
ਗੁਰਮੁਖ ਮਾਰਨ ਛਾਲਾਂ ॥



## ਦੁਨੀਆਂ

ਕੀ ਕਰਨਾ ਹੈ
ਹੋਰ ਹੁਣ ਜੀਕੇ
ਜਿੰਨਾ ਜੀਣਾ ਸੀ ਜੀ ਲਿਆ ਮੈਂ ॥

ਜੋ ਗਮ ਸੀ
ਮੇਰੇ ਹਿਸੇ ਆਇਆ
ਉਸ ਤੋਂ ਵਧ ਪੀ ਲਿਆ ਮੈਂ ॥

ਦਿਲ ਮੇਰਾ
ਬੇਕਾਬੂ ਹੋਇਆ
ਗਲ ਨਹੀਂ ਮੇਰੇ ਵੱਸ ਦੀ ਹੈ ॥

ਦੇਖਕੇ
ਮੇਰੀਆਂ ਅਖੀਂ ਹੰਝੂ
ਇਹ ਦੁਨੀਆਂ ਖਿੜਖਿੜ ਹਸਦੀ ਹੈ ॥

ਲੋਕਾਂ ਦੇ
ਹੱਥਾਂ ਵਿਚ ਪੱਥਰ
ਮੇਰੀ ਹਰ ਸ਼ੈ ਕੱਚ ਦੀ ਹੈ ॥

ਦੇਖਕੇ
ਹੁੰਦੀ ਮੇਰੀ ਤਬਾਹੀ
ਇਹ ਦੁਨੀਆਂ ਪਈ ਨਚਦੀ ਹੈ ॥

ਗਲ ਸੁਣੋ
ਐ ਦੁਨੀਆਂ ਦੇ ਲੋਕੋ
ਸਦਾ ਤੁਸੀਂ ਏਵੇਂ ਹੱਸਣਾ ਨਹੀਂ ॥

ਚੋਟ ਜਦੋਂ
ਤੁਹਾਡੇ ਸੀਨੇ ਲਗੀ
ਫੇਰ ਤੁਸਾਂ ਭੀ ਹੱਸਣਾ ਨਹੀਂ ॥

ਐਵੇਂ ਨਾ
ਦੁਖ ਦਿਓ ਕਿਸੇ ਨੂੰ
ਭਜੀ ਇਹੀ ਗਲ ਕਹਿੰਚਾ ਹੈ ॥

ਡਰੋ ਤੁਸੀਂ
ਉਸ ਰਬ ਦੇ ਕੋਲੋਂ
ਜੋ ਹਰ ਦਿਲ ਵਿਚ ਰਹਿੰਦਾ ਹੈ ॥



## ਮਿੱਟੀ ਦਾ ਪੁਤਲਾ

ਬੰਦਾ
ਇਕ ਮਿਟੀ ਦਾ ਪੁਤਲਾ
ਜਿਸਨੂੰ ਰਬ ਬਣਾਇਆ ॥

ਮਾਰ ਕੇ
ਫੂਕ ਉਸ ਆਪਣੇ ਮੂੰਹ ਨਾਲ
ਸਾਹ ਇਹਦੇ ਵਿਚ ਪਾਇਆ ॥

ਉਸਦਾ
ਭੇਜਿਆ ਹੋਇਆ ਬੰਦਾ
ਇਸ ਜਗ ਉਤੇ ਆਇਆ ॥

ਪਰ
ਬੰਦੇ ਨੇ ਭੁਲਕੇ ਕਰਤਾ
ਨਾਂ ਕਿਰਤਾਂ ਨਾਲ ਪਾਇਆ ॥

ਇਹ
ਬੰਦਾ ਤਾਂ ਇੰਜ ਪਿਆ ਸੋਚੇ
ਜਿਵੇਂ ਸਦਾ ਹੀ ਏਥੇ ਰਹਿਣਾ ॥

ਭੁਲ
ਗਿਆ ਬੰਦਾ ਉਹਦੀਆਂ ਗਲਾਂ
ਮੰਨਦਾ ਨੀ ਉਹਦਾ ਕਹਿਣਾ ॥

ਰਬ
ਜੋ ਧੰਨ ਇਹਦੀ ਚੋਲੀ ਪਾਇਆ
ਇਹ ਮੂੰਹ ਉਤਾਂਹ ਕਰ ਥੁੱਕੇ ॥

ਮੇਰੇ
ਵਰਗਾ ਨਹੀਂ ਕੋਈ ਜੱਗ ਤੇ
ਪਾਗਲ ਹੋ ਹੋ ਬੁੱਕੇ ॥

ਕਹਿੰਦੇ
ਬੰਦਾ ਪਾਗਲ ਹੋ ਜਾਂਦਾ
ਸ਼ੈ ਨਸ਼ੀਲੀ ਕੋਈ ਖਾਕੇ ॥

ਮਾਇਆ
ਵਿਚ ਤਾਂ ਬਹੁਤ ਨਸ਼ਾ ਹੈ
ਪਾਗਲ ਹੋ ਜਾਂਦਾ ਇਹਨੂੰ ਪਾਕੇ ॥

ਸਮਝੇ
ਨਾ ਬੰਦੇ ਨੂੰ ਬੰਦਾ
ਸਮਝੇ ਉਹਨਾਂ ਨੂੰ ਕੀੜੇ ॥

'ਭਜੀ'
ਪਤਾ ਤੈਨੂੰ ਉਸ ਦਿਨ ਲਗੂ
ਜਦ ਲੰਘਿਆ ਰਾਹ ਭੀੜੇ।



# ਗੀਤਾਂ ਦਾ ਸਮੁੰਦਰ

ਐ ਦਾਤਾ
ਤੂੰ ਮੈਨੂੰ ਮਾਰੂਥਲ ਵਿਚ ਭਟਕਦੇ ਨੂੰ
ਲਿਆਕੇ ਸਮੁੰਦਰ ਕੰਡੇ ਖੜਾ ਕਰ ਦਿਤਾ ॥
ਸਦੀਆਂ ਤੋਂ
ਮੇਰੀ ਸਖਣੀ ਝੋਲੀ ਨੂੰ
ਤੂੰ ਨਾਲ ਪਿਆਰ ਦੇ ਭਰ ਦਿਤਾ ॥

ਬਹੁਤ ਡੂੰਘਾ ਹੈ
ਇਹ ਸਮੁੰਦਰ ਗੀਤਾਂ ਦਾ
ਬਹੁਤ ਛੋਟੀ ਹੈ ਮੇਰੀ ਲਫ਼ਜ਼ਾਂ ਦੀ ਡੋਰ ॥

ਜਿਵੇਂ ਜਿਵੇਂ
ਮੈਂ ਸੁੱਟਾਂ ਪਾਣੀ ਵਿਚ
ਡੂੰਘਾਈ ਵਧਦੀ ਜਾਂਦੀ ਹੋਰ ॥

ਬਹੁਤ ਵਡਾ ਹੈ
ਇਸ ਦਾ ਅੰਬਰ
ਮੈਂ ਉਡਨਾ ਚਾਹਿਆ ਕਈ ਵਾਰੀ ॥
ਪਰ ਖਿਆਲ
ਮੇਰੇ ਨੇ ਬਹੁਤੇ ਛੋਟੇ
ਉਹ ਨਾ ਮਾਰਨ ਉੱਚੀ ਉਡਾਰੀ ॥

ਇਸ ਸਮੁੰਦਰ ਦੇ
ਕਾਫੀ ਥੱਲੇ ਜਾਕੇ
ਪਏ ਨੇ ਸੋਹਣੇ ਗੀਤ ॥

ਮੋਤੀ ਲਭਦੇ
ਸਿਰਫ ਮਾਰ ਕੇ ਚੁਭੀ
ਇਹ ਹੀ ਜਗ ਦੀ ਰੀਤ ॥

ਕੰਢੇ ਖੜੇ ਨੇ
ਸ਼ਿਸ਼ਲੇ ਪਾਣੀ ਚੋਂ
ਲਭ ਗਏ ਲਫਜ਼ ਮੈਨੂੰ ਥੋੜੇ ॥
ਬਸ ਬਣ ਗਏ
ਮੇਰੇ ਗੀਤ ਹੀ ਉਹੀ
ਜਦੋਂ ਇਕ ਦੂਏ ਨਾਲ ਜੋੜੇ ॥

ਏਥੋਂ ਤਕ
ਤੂੰ ਪਹੁੰਚਾ ਦਿੱਤਾ ਮਾਲਕ
ਹੁਣ ਅਗੇ ਮੇਹਰ ਕਰੀਂ
ਸਦਾ ਤੂੰ
ਅਪਣਾ ਮੇਹਰਾਂ ਭਰਿਆ ਹੱਥ
ਮੇਰੇ ਸੀਸ ਧਰੀਂ।

ਲਫਜਾਂ ਦਾ ਨਾਂ
ਤੇਰੇ ਕੋਲ ਘਾਟਾ
ਤੂੰ ਕਰਦੇ ਲੰਮੀ ਡੋਰ ॥
ਸੁਟ ਕੇ ਉਹਨੂੰ
ਫਿਰ ਡੂੰਘੇ ਪਾਣੀ
ਗੀਤ ਮੈਂ ਭਾਲਾਂ ਹੋਰ ॥

ਕਰਦੇ ਖਿਆਲ
ਤੂੰ ਮੇਰੇ ਐਨੇ ਉਚੇ
ਉਹ ਅੰਬਰਾਂ ਨੂੰ ਜਾਣ ਛੂਹ ॥

ਐ ਦਾਤਾ
ਤ੍ਰਿਪਤ ਤੂੰ ਕਰਦੇ
ਇਹ ਮੇਰੀ ਤ੍ਰਿਹਾਈ ਰੂਹ ॥



ਦੇ ਦੇ ਖੰਬ
ਮੈਨੂੰ ਆਪਣੇ ਨਾਂ ਦੇ
ਮੈਂ ਮਾਰਾਂ ਉਚੀ ਉਡਾਰੀ ॥

ਲਭਕੇ ਲਿਆਵੇ
ਭਜੀ ਗੀਤ ਫੇਰ ਕੋਈ
ਦੇਖੇ ਦੁਨੀਆਂ ਸਾਰੀ ॥

# ਤੇਰੀ ਯਾਦ

ਜਦ ਕੋਈ
ਸੋਹਣਾ ਫੁਲ ਮੈਂ ਦੇਖਾਂ
ਯਾਦ ਤੇਰੀ ਮੈਨੂੰ ਔਂਦੀ ਹੈ ॥
ਇੰਜ ਲਗੇ
ਉਸ ਫੁੱਲ ਦੇ ਅੰਦਰ
ਤੇਰੀ ਰੂਹ ਮਸਕੌਂਦੀ ਹੈ ॥
ਤੂੰ ਛੁਪਿਆ ਉਸ ਵਿਚ
ਮਹਿਕ ਦੇ ਵਾਂਗੂ
ਜੋ ਨਹੀਂ ਨਜ਼ਰੀਂ ਔਂਦੀ ਹੈ ॥
ਪਰ ਘੁਲਕੇ
ਉਹ ਹਵਾ ਦੇ ਅੰਦਰ
ਅਪਣਾ ਆਪ ਜਤੌਂਦੀ ਹੈ ॥
ਸੁੰਘ ਮਹਿਕ ਇਹਨਾਂ ਇਹਨਾਂ ਫੁਲਾਂ ਵਿਚੋਂ
ਯਾਦ ਤੇਰੀ ਮੈਨੂੰ ਔਂਦੀ ਹੈ ॥

ਜਦ ਕੋਈ
ਸੋਹਣਾ ਇਨਸਾਨ ਮੈਂ ਦੇਖਾਂ
ਇਕ ਬੁਤ ਤਰਾਸ਼ ਯਾਦ ਔਂਦਾ ਹੈ ॥
ਜੋ ਵਖਰਾ ਬਹਿ
ਕਿਸੇ ਵੇਹਲੀ ਘੜੀ
ਸੋਹਣੇ ਬੁਤ ਬਣੌਂਦਾ ਹੈ ॥
ਮਾਰਕੇ ਫੂਕ
ਆਪਣੇ ਸਾਹ ਦੀ
ਜਾਨ ਉਹ ਉਸ ਵਿਚ ਪੌਂਦਾ ਹੈ ॥
ਰਖਦਾ ਡੋਰ



ਸਦਾ ਆਪਣੇ ਹਥ ਵਿਚ
ਤੇ ਮਰਜੀ ਨਾਲ ਨਚੌਂਦਾ ਹੈ ॥
ਉਹੋ ਜਹੀ
ਤੂੰ ਸ਼ਕਲ ਬਣਾਵੇਂ
ਜੋ ਤੇਰੇ ਦਿਲ ਨੂੰ ਭੌਂਦੀ ਹੈ ॥
ਦੇਖਕੇ ਵੰਨ ਸੁਵੰਨੇ ਬੰਦੇ
ਯਾਦ ਤੇਰੀ ਮੈਨੂੰ ਔਂਦੀ ਹੈ ॥

ਦੇਖਾਂ ਜਦ ਮੈਂ
ਕੋਈ ਸੋਹਣੀ ਔਰਤ
ਜੋ ਅਖੀਂ ਕਜਰਾ ਪੌਂਦੀ ਹੈ ॥
ਸਜ ਧਜ ਕੇ
ਪਾ ਸੋਹਣੇ ਕਪੜੇ
ਉਹ ਅਖਾਂ ਨੂੰ ਮਟਕੌਂਦੀ ਹੈ ॥
ਮਸਤੀ ਵਿਚ ਆ
ਜਦੋਂ ਉਹ ਤੁਰਦੀ
ਤਦ ਲੱਕ ਆਪਣਾ ਲਚਕੌਂਦੀ ਹੈ ॥
ਇਹ ਨਖਰਾ ਭੀ
ਤੂਹੀਓਂ ਦਿੱਤਾ
ਯਾਦ ਤੇਰੀ ਮੈਨੂੰ ਔਂਦੀ ਹੈ ॥

ਜਦ ਰੋਜ਼
ਇਸ ਧਰਤੀ ਤੇ
ਮੈਂ ਚੜ੍ਹਦਾ ਸੂਰਜ ਤਕਦਾ ਹਾਂ ॥
ਦੇਖ ਰਿਹਾ ਹਾਂ
ਕਈ ਸਾਲਾਂ ਤੋਂ
ਪਰ ਦੇਖ ਦੇਖ ਨਹੀਂ ਅੱਕਦਾ ਹਾਂ ॥
ਲਾਲੀ ਭਰੇ
ਅਸਮਾਨ ਦੇ ਅੰਦਰ
ਤੇਰੀ ਹੀ ਲੋ ਮੁਸਕੌਂਦੀ ਹੈ ॥
ਚੜ੍ਹਦਾ ਸੂਰਜ
ਮੈਂ ਜਦ ਭੀ ਤੱਕਾਂ
ਯਾਦ ਤੇਰੀ ਮੈਨੂੰ ਔਂਦੀ ਹੈ ॥

ਹਰ ਸਬੇਰੇ
ਜਦੋਂ ਸਰਘੀ ਵੇਲੇ
ਚਿੜੀਆਂ ਚੀਂ ਚੀਂ ਲੌਂਦੀਆਂ ਨੇ ॥
ਇੰਜ ਜਾਪੇ
ਉਹ ਸਾਰੀਆਂ ਰਲਕੇ
ਤੇਰੇ ਹੀ ਗੁਣ ਗੌਂਦੀਆਂ ਨੇ ॥
ਉਹਨਾਂ ਦੀ
ਚੀਂ ਚੀਂ ਵਿਚੋਂ
ਮੈਨੂੰ ਅਵਾਜ਼ ਤੇਰੀ ਹੀ ਔਂਦੀ ਹੈ ॥
ਤਕਕੇ ਸਭ
ਇਹ ਪੰਖ ਪੰਖੇਰੂ
ਯਾਦ ਤੇਰੀ ਮੈਨੂੰ ਔਂਦੀ ਹੈ ॥

ਰਾਤ ਨੂੰ
ਜਦੋਂ ਮੈਂ ਅੰਬਰੀਂ ਤੱਕਾਂ
ਤਾਰੇ ਟਿਮਟਿਮੌਂਦੇ ਨੇ ॥
ਇੰਜ ਜਾਪੇ
ਉਹ ਨਾਲ ਸੈਨਤਾਂ
ਸਾਨੂੰ ਕੁਛ ਸਮਝਾਉਂਦੇ ਨੇ ॥
ਚੰਦ ਦੇ ਨਿਖਰੇ
ਰੂਪ ਦੇ ਅੰਦਰ
ਛਵੀ ਤੇਰੀ ਨਜ਼ਰੀਂ ਔਂਦੀ ਹੈ ॥
ਤਕਕੇ ਸੋਹਣਾ
ਚੰਦ ਪੁਨਿਆਂ ਦਾ
ਯਾਦ ਤੇਰੀ ਮੈਨੂੰ ਔਂਦੀ ਹੈ ॥

ਜਦ ਮੈਂ ਦੇਖਾਂ
ਪਹਾੜ ਤੇ ਨਦੀਆਂ
ਤੇ ਝਰ ਝਰ ਝਰਨੇ ਝਰਦੇ ਨੇ ॥
ਲਖਾਂ ਤੂੰ
ਜੋ ਜੀ ਬਣਾਏ
ਉਹ ਢਿਡ ਉਹਨਾਂ ਦਾ ਭਰਦੇ ਨੇ ॥



ਚਲਕੇ ਨਦੀ
ਪਹਾੜਾਂ ਵਿਚੋਂ
ਜਦੋਂ ਪਿਆਸ ਰੇਗਿਸਤਾਨ ਦੀ ਬੁਝੌਂਦੀ ਹੈ ॥
ਤੱਕ ਕੇ
ਇਹ ਸਾਰੇ ਪਹਾੜ ਤੇ ਨਦੀਆਂ
ਯਾਦ ਤੇਰੀ ਮੈਨੂੰ ਔਂਦੀ ਹੈ ॥

ਜਦ ਭੀ ਕੋਈ
ਮੈਂ ਬੱਚਾ ਦੇਖਾਂ
ਉਹ ਰੂਪ ਤੇਰਾ ਹੀ ਲਗਦਾ ਹੈ ॥
ਇੰਜ ਜਾਪੇ
ਉਸ ਚੇਹਰੇ ਅੰਦਰ
ਨੂਰ ਤੇਰਾ ਹੀ ਜਗਦਾ ਹੈ ॥
ਪਰ ਜਦੋਂ
ਉਹੋ ਮਾਇਆ ਜਾਲ 'ਚ ਫਸਦਾ
ਕਮਜ਼ੋਰ ਉਹ ਉਹਨੂੰ ਬਣੌਂਦੀ ਹੈ ॥
ਅਣਭੋਲ ਜਹੇ
ਉਹ ਉਸ ਬਚੇ ਨੂੰ
ਡਾਕੂ ਚੋਰ ਬਣੌਂਦੀ ਹੈ ॥
ਜੇਹਲੀਂ ਬੈਠੇ ਭੀ
ਤਕਦੇ ਲੋਕੀਂ
ਯਾਦ ਤੇਰੀ ਮੈਨੂੰ ਔਂਦੀ ਹੈ ॥

ਗਰਮੀ ਪਤਝੜ
ਤੇ ਸਰਦੀ ਪਿਛੋਂ
ਰੁੱਤ ਬਹਾਰ ਦੀ ਔਂਦੀ ਹੈ।
ਉਂਜ ਤਾਂ ਸੋਹਣੀਆਂ
ਸਾਰੀਆਂ ਹੀ ਰੁੱਤਾਂ
ਪਰ ਬਸੰਤ ਮੇਰੇ ਦਿਲ ਨੂੰ ਭੌਂਦੀ ਹੈ ॥
ਤਕਕੇ ਤੇਰੇ
ਬਦਲਦੇ ਮੋਸਮ
ਯਾਦ ਤੇਰੀ ਮੈਨੂੰ ਔਂਦੀ ਹੈ ॥

ਜਦ ਕੋਈ ਰਾਗੀ
ਮਿਠੀ ਸੁਰ ਵਿਚ
ਬਾਣੀ ਤੇਰੀ ਗੌਂਦਾ ਹੈ ॥
ਜਦ ਕਿਤੇ
ਕਿਸੇ ਮੰਦਰ ਅੰਦਰ
ਪੰਡਤ ਘੜਿਆਲ ਵਜੌਂਦਾ ਹੈ ॥
ਜਦ ਕੋਈ ਮੁੱਲਾਂ
ਦੇ ਉੱਚੀਆਂ ਬਾਂਗਾਂ
ਨਮਾਜ਼ ਦੀ ਯਾਦ ਦਿਲੌਂਦਾ ਹੈ ॥
ਜਦ ਕੋਈ ਮੁਟਿਆਰ
ਵਿਛੜੇ ਅਪਣੇ ਚੰਨ ਤੋਂ
ਗੀਤ ਵਿਰਹੋਂ ਦਾ ਗੌਂਦੀ ਹੈ ॥
ਮੇਰੇ ਵਾਂਗੂ
ਉਹ ਭੀ ਵਿਛੜੀ
ਯਾਦ ਤੇਰੀ ਮੈਨੂੰ ਔਂਦੀ ਹੈ ॥

ਜਦ ਕਿਤੇ
ਬਾਗਾਂ ਦੇ ਅੰਦਰ
ਕੋਇਲ ਕੋਈ ਗੌਂਦੀ ਹੈ ॥
ਜਦ ਭੀ ਕੂੰਜ
ਕੋਈ ਅੰਬਰੀਂ ਉਡਦੀ
'ਕਵਾਂ, ਕਵਾਂ' ਕਰ ਕੁਰਲੌਂਦੀ ਹੈ ॥
ਜਦ ਕੋਈ ਮਛੀ
ਨਿਕਲ ਪਾਣੀ 'ਚੋਂ
ਜਾਲ ਚ ਪਈ ਤੜਫੜੌਂਦੀ ਹੈ ॥
ਤੇਰੇ ਬਾਝੋਂ
ਇਹੀ ਹਾਲ ਹੈ ਮੇਰਾ
ਯਾਦ ਤੇਰੀ ਮੈਨੂੰ ਔਂਦੀ ਹੈ ॥

ਜਦ ਕਿਤੇ
ਤੇਰੇ ਭਗਤਾਂ ਦਾ
ਚੇਹਰਾ ਨਜ਼ਰੀਂ ਔਂਦਾ ਹੈ ॥
ਜਾਂ ਕੋਈ



ਚਿਮਟੇ ਵਾਲਾ ਸਾਧੂ
ਆਕੇ ਅਲਖ ਜਗੌਂਦਾ ਹੈ ॥
ਜਾਂ ਕੋਈ
ਮਲਕੇ ਸੁਆਹ ਨੂੰ ਪਿੰਡੇ
ਧੂਣੀ ਬਾਲ ਆਸਣ ਲੈਂਦਾ ਹੈ ॥
ਰਾਹ ਨੇ ਭਾਵੇਂ
ਸਭ ਵਖੋ ਵਖਰੇ
ਹਰ ਕੋਈ ਤੈਨੂੰ ਚੌਂਹਦਾ ਹੈ ॥
ਮੈਂ ਕੇਹੜੀ ਦਸ
ਰਾਹ ਤੇ ਚਲਾਂ
ਇਹ ਮੈਨੂੰ ਸਮਝ ਨਹੀਂ ਔਂਦੀ ਹੈ ॥
ਤਕ ਕੇ ਢੰਗ
ਸਭ ਵਖੇ ਵਖਰੇ
ਯਾਦ ਤੇਰੀ ਮੈਨੂੰ ਔਂਦੀ ਹੈ ॥

ਜਦ ਭੀ
ਕਿਤੇ ਕੋਈ ਪਤੰਗਾ
ਜਾਨ ਸ਼ਮ੍ਹਾਂ ਤੇ ਗਵੌਂਦਾ ਹੈ ॥
ਜਦ ਭੀ
ਕਿਤੇ ਕੋਈ ਭੌਰਾ
ਫੁਲਾਂ ਤੇ ਮੰਡਰੌਂਦਾ ਹੈ ॥
ਜਦ ਭੀ ਕੋਈ ਮੋਰ
ਤਕ ਬਦਲਾਂ ਨੂੰ
ਪੈਲ ਮਸਤੀ ਵਿਚ ਪੌਂਦਾ ਹੈ ॥
ਨਚਦਾ ਨਚਦਾ
ਉਹ ਆਪਣੀਆਂ
ਅਖਾਂ ਚੋਂ ਨੀਰ ਬਹੌਂਦਾ ਹੈ ॥
ਇਹ ਮਿਲਣ ਵਿਛੋੜਾ
ਸਭ ਤੇਰੀਆਂ ਖੇਡਾਂ
ਕਰੇ ਜੋ ਤੈਨੂੰ ਭੌਂਦੀ ਹੈ ॥
ਤਕਕੇ ਭੌਰ ਤੇ ਪਤੰਗੇ
ਯਾਦ ਤੇਰੀ ਮੈਨੂੰ ਔਂਦੀ ਹੈ ॥

ਵਸਦਾ ਏ
ਤੂੰ ਚਾਰ ਚੁਫੇਰੇ
ਪਰ ਮੈਨੂੰ ਨਜ਼ਰੀਂ ਔਂਦਾ ਨਹੀਂ ॥
ਇਹ ਢਾਂਚਾ ਭੀ
ਤੂਹਿਓਂ ਘੜਿਆ
ਕਿਉਂ ਇਸ ਵਿਚ ਪੈਰ ਤੂੰ ਪੌਂਦਾ ਨਹੀਂ ॥
ਕੇਹੜੇ ਢੰਗ ਨਾਲ
ਤੈਨੂੰ ਲਭਾਂ
ਸਮਝ ਮੈਨੂੰ ਇਹ ਔਦਾ ਨਹੀਂ ॥
ਹੋ ਰਿਹਾ ਹੈ
ਸਭ ਤੇਰੀ ਰਜਾ ਵਿਚ
ਐਨੀ ਕੁ ਸਮਝ ਹੁਣ ਔਂਦੀ ਹੈ
ਤਕਕੇ
ਤੇਰਾ ਇਹ ਜਗਤ ਤਮਾਸ਼ਾ
ਯਾਦ 'ਭਜੀ' ਨੂੰ ਤੇਰੀ ਔਂਦੀ ਹੈ।



# ਮੇਹਰ

ਮੇਹਰ ਤੇਰੀ ਜੇ ਹੋਵੇ ਸਾਈਆਂ
ਤੂੰ ਡੁਬਦੇ ਪੱਥਰ ਤਾਰ ਦੇਵੇਂ।
ਮੇਹਰ ਤੇਰੀ ਜੇ ਹੋਵੇ ਮਾਲਕ
ਕਰ ਭਵਜਲ ਤੋਂ ਤੂੰ ਪਾਰ ਦੇਵੇਂ ॥

ਮੇਹਰ ਤੇਰੀ ਜੇ ਹੋਵੇ ਸਾਈਆਂ
ਸੁਕੀਆਂ ਲਕੜਾਂ ਹੋ ਜਾਣ ਹਰੀਆਂ।
ਮੇਹਰ ਤੇਰੀ ਦੇ ਸਦਕੇ ਮਾਲਕ
ਫੁਲ ਪਤੀਆਂ ਨਾਲ ਜਾਣ ਉਹ ਭਰੀਆਂ।

ਮੇਹਰ ਤੇਰੀ ਜੇ ਹੋਵੇ ਸਾਈਆਂ
ਹਿਮਾਲਿਆ ਉਤੇ ਫੁਲ ਖਿਲ ਜਾਣ ॥
ਮੇਹਰ ਤੇਰੀ ਜੇ ਹੋਵੇ ਮਾਲਕ
ਮਾਰੂਥਲਾਂ ਵਿਚ ਮੋਤੀ ਮਿਲ ਜਾਣ ॥

ਮੇਹਰ ਤੇਰੀ ਜੇ ਹੋਵੇ ਦਾਤਾ
ਮੰਗਤੇ ਬਣ ਜਾਣ ਰਾਜੇ ॥
ਮੇਹਰ ਤੇਰੀ ਦੇ ਸਦਕੇ ਦਾਤਾ
ਉਹਨਾਂ ਦੇ ਬੂਹੇ ਵਜਣ ਬਾਜੇ ॥

ਮੇਹਰ ਤੇਰੀ ਜੇ ਹੋਵੇ ਦਾਤਾ
ਗੂੰਗੇ ਮੂਹੋਂ ਬੋਲਣ ॥
ਮੇਹਰ ਤੇਰੀ ਦੇ ਸਦਕੇ ਦਾਤਾ
ਉਹ ਭੇਦ ਗੀਤਾ ਦੇ ਖੋਲ੍ਹਣ ॥

ਮੇਹਰ ਤੇਰੀ ਜੇ ਹੋਵੇ ਦਾਤਾ
ਪਿੰਗਲੇ ਚੜ੍ਹ ਜਾਣ ਪਰਬਤ ॥
ਮੇਹਰ ਤੇਰੀ ਦੇ ਸਦਕੇ ਦਾਤਾ
ਹੋ ਜਾਣ ਕੌੜੇ ਰੀਠੇ ਸ਼ਰਬਤ ॥

ਮੇਹਰ ਤੇਰੀ ਦੇ ਸਦਕੇ ਰਬ ਜੀ
ਫੇਰ ਸਾੜ ਨਾ ਸਕਦੀ ਅੱਗ ॥
ਮੇਹਰ ਤੇਰੀ ਦੇ ਸਦਕੇ ਰਬ ਜੀ
ਤੱਤੀ ਹਵਾ ਨਾ ਸਕਦੀ ਲੱਗ ॥

ਮੇਹਰ ਤੇਰੀ ਜੇ ਹੋਵੇ ਰਬ ਜੀ
ਵਿੰਗਾ ਹੋ ਨਹੀਂ ਸਕਦਾ ਬਾਲ ॥
ਮੇਹਰ ਤੇਰੀ ਦੇ ਸਦਕੇ ਰੱਬ ਜੀ
ਛੋਹ ਨਹੀਂ ਸਕਦਾ ਕਿਸੇ ਨੂੰ ਕਾਲ ॥

ਮੇਹਰ ਤੇਰੀ ਜੇ ਹੋਵੇ ਰੱਬ ਜੀ
ਦਿਸੇ ਹਰ ਵਿਚ ਤੇਰੀ ਛਵੀ
ਮੇਹਰ ਤੇਰੀ ਦੇ ਸਦਕੇ ਰਬ ਜੀ
'ਭਜੀ' ਜਹੇ ਬਣ ਗਏ ਕਵੀ ॥





# ਜ਼ਿੰਦਗੀ ਦਾ ਦੀਵਾ

ਜੇ ਤੂੰ ਰਬ ਨੂੰ
ਮਿਲਣਾ ਬੰਦਿਆ
ਇਕ ਕੰਮ ਤੂੰ ਕਰ ॥

ਹੋਰ ਕਿਸੇ ਦੇ
ਬੂਹੇ ਨਾ ਜਾਵੀਂ
ਛਡਕੇ ਉਹਦਾ ਦਰ ॥

ਹਰ ਇਕ ਦੇ ਵਿਚ
ਤੂੰ ਸਮਝੀਂ ਉਹਨੂੰ
ਕਿ ਪਸ਼ੂ ਪੰਖੀ ਜਾ ਨਰ ॥

ਮੋਹ ਦੇ ਖੰਜਰ
ਮਾਇਆ ਦੀਆਂ ਛਲਾਂ
ਚੁਪਚਾਪ ਤੂੰ ਜਾਵੀਂ ਜਰ ॥

ਝਾੜ ਪੂੰਝਕੇ
ਜ਼ਿੰਦਗੀ ਦਾ ਦੀਵਾ
ਤੂੰ ਨਾਂ ਉਹਦੇ ਨਾਲ ਭਰ ॥

ਫੇਰ ਤੂੰ ਪਾ
ਉਹਦੇ ਵਿਚ ਬੱਤੀ
ਵੱਟਕੇ ਉਹਦਾ ਡਰ ॥

ਗਿਆਨ ਉਹਦੇ ਦੀ
ਅੱਗ ਨੂੰ ਲੈਕੇ
ਉਸ ਦੀਵੇ ਨੂੰ ਬਾਲ ॥

'ਭਜੀ' ਹਨੇਰਾ ਜਦੋਂ
ਤੇਰੇ ਦਿਲ 'ਚ ਭਜਿਆ
ਤੂੰ ਉਹਨੂੰ ਲਵੇਂਗਾ ਭਾਲ ॥



## ਪਾਪੀ

ਐ ਦਾਤਾ
ਪਾ ਤੈਥੋਂ ਦਾਤਾਂ
ਤੇਰਾ ਸ਼ੁਕਰ ਕਦੇ ਨਾ ਕੀਤਾ ਮੈਂ ॥

ਪੀਂਦਾ ਰਿਹਾ
ਜ਼ਹਿਰ ਦੇ ਪਿਆਲੇ
ਤੇਰਾ ਅੰਮ੍ਰਿਤ ਕਦੇ ਨਾ ਪੀਤਾ ਮੈਂ ॥

ਜਾਂਦਾ ਰਿਹਾ
ਨਿਤ ਮੈਅਖਾਨੇ
ਤੇਰੇ ਦਰ ਤੇ ਕਦੇ ਨਾ ਆਇਆ ਮੈਂ ॥

ਗੌਂਦਾ ਰਿਹਾ
ਲੋਕਾਂ ਦੀ ਮਹਿਮਾਂ
ਤੇਰੇ ਗੁਣਾਂ ਨੂੰ ਕਦੇ ਨਾ ਗਾਇਆ ਮੈਂ।

ਭਟਕਦਾ ਰਿਹਾ
ਅਣਜਾਣਿਆ ਰਾਹਾਂ ਤੇ
ਤੇਰੇ ਦਸੇ ਰਾਹ ਨਾ ਚਲਿਆ ਮੈਂ।

ਰਾਹ ਛਡ ਕੇ ਤੇਰਾ
ਕਿਸੇ ਮੰਗਤੇ ਦਾ
ਜਾਕੇ ਦਰ ਖੁਦ ਮਲਿਆ ਮੈਂ।

ਖਿਲਾਰਦਾ ਰਿਹਾ
ਲੋਕਾਂ ਦਿਆਂ ਰਾਹਾਂ ਵਿਚ ਕੰਡੇ
ਇਹਨਾਂ ਹਥਾਂ ਨਾਲ ਨਾ ਚੁਣਿਆ ਮੈਂ।

ਸੁਣਦਾ ਰਿਹਾ
ਲੋਕਾਂ ਦੀ ਨਿੰਦਿਆ
ਨਾਂ ਤੇਰਾਂ ਕਦੇ ਨਾ ਸੁਣਿਆ ਮੈਂ।

ਤੰਗ ਕਰਕੇ
ਕਿਸੇ ਗਰੀਬੜੇ ਨੂੰ
ਦਿਤੀ ਖੁਦ ਨੂੰ ਥਾਪੀ ਮੈਂ ॥

ਤੂੰ ਬਖਸ਼ਨਹਾਰਾ ਏਂ
'ਭੱਜੀ' ਦਾ ਸਾਈਂ
ਸਭ ਤੋਂ ਵਡਾ ਪਾਪੀ ਮੈਂ ॥



# ਜ਼ਿੰਦਗੀ ਦਾ ਖੂਹ

ਇਸ ਜਗ ਤੇ
ਇਹ ਖੂਹ ਜ਼ਿੰਦਗੀ ਦਾ
ਸਾਹਾਂ ਦੇ ਪਾਣੀ ਨਾਲ ਭਰਿਆ ॥

ਬਹੁਤੇ ਇਸ ਵਿਚ
ਡੁਬ ਨਾ ਜਾਂਦੇ
ਕੋਈ ਵਿਰਲਾ ਹੀ ਤਰਿਆ ॥

ਪਲਾਂ ਦੀਆਂ ਟਿੰਡਾਂ
ਇਕ ਇਕ ਕਰਕੇ
ਪਾਣੀ ਬਾਹਰ ਜਾਵਣ ਸੁੱਟੀ ॥

ਇਸ ਖੂਹ ਵਿਚ
ਜੋ ਸਾਹਾਂ ਦੀ ਪੂੰਜੀ
ਹੋਲੀ ਹੋਲੀ ਜਾਵਣ ਲੁੱਟੀ ॥

ਇਹ ਪਾਣੀ
ਧੁਰ ਕਿਸ ਤਰਾਂ ਪਹੁੰਚੂ
ਘੜਿਆ ਨਹੀਂ ਮੈਂ ਕੋਈ ਖਾਲਾ ॥

ਪਤਾ ਨਹੀਂ
ਕਦ ਟੁਟ ਹੈ ਜਾਣੀ
ਪੁਰਾਣੀ ਇਹ ਟਿੰਡਾਂ ਦੀ ਮਾਲਾ ॥

ਟਿਕ ਟਿਕ ਕਰਕੇ
ਚਲਦੇ ਖੂਹ ਦਾ
ਭੌਂਕ ਭੌਂਕ ਕੇ ਆਖੇ ਕੁੱਤਾ ॥

ਮੁਕ ਰਿਹਾ
ਤੇਰਾ ਪਾਣੀ ਬੰਦਿਆ
ਤੂੰ ਹਾਲੇ ਭੀ ਪਿਆ ਏਂ ਸੁੱਤਾ ॥

ਪਾਣੀ ਡੁਲ ਅਜਾਂਈਂ ਜਾਵੇ
ਫਸਲ ਕਰਮਾਂ ਦੀ
ਤੂੰ ਨਾ ਹਾਲੇ ਬੀਜੀ ॥

ਪਸ਼ੂ ਵਾਂਗ
ਢਿਡ ਭਰ ਸੌਂ ਜਾਵੇ
ਹੋਰ ਗਲ ਨਾ ਕੋਈ ਤੀਜੀ ॥

ਹਾਲੇ ਵਕਤ ਹੈ
'ਭੱਜੀ' ਜਾਗ ਤੂੰ
ਸਾਂਭ ਲੈ ਸਾਰੀ ਖੇਤੀ ॥

ਨਹੀਂ ਰਹਿ ਜਾਵੇਗੀ
ਬੰਜਰ ਇਸ ਦੀ ਧਰਤੀ
ਜੇ ਤੂੰ ਨਾ ਕੀਤੀ ਛੇਤੀ ॥



## ਅੱਗ ਦਾ ਚੋਲਾ

ਬਰਫ ਦੇ
ਘਰ ਅੰਦਰ ਮੈਂ ਬੈਠਾ
ਅੱਗ ਦਾ ਚੋਲਾ ਪਾਕੇ ॥

ਦਿਲ ਆਪਣੇ ਲਈ
ਠੰਡ ਮੈਂ ਭਾਲਾਂ
ਤ੍ਰਿਸ਼ਨਾ ਦੀ ਅੱਗ ਲਾਕੇ ।

ਕਦੇ ਮੈਂ
'ਉਹਦੀ' ਗਲ ਸੁਣੀ ਨਾ
ਨਾ ਦੇਖਿਆ ਦਰ ਜਾਕੇ ॥

ਪਸ਼ੂ ਦੇ ਵਾਂਗੂ
ਰਿਹਾ ਮੈਂ ਸੁੱਤਾ
ਤਿੰਨ ਡੰਗ ਖਾਣਾ ਖਾਕੇ ॥

ਨਾ ਹੀ ਚਖਿਆ
ਸੁਆਦ ਮੈਂ ਨਾਂ ਦਾ
ਨਾਂ ਦੇਖਿਆ ਕਦੇ ਮੈਂ ਗਾਕੇ ॥

ਭਜੀ ਤੂੰ ਹੀ ਦਸ
ਤੂੰ ਕੀ ਖਟਿਆ ਹੈ
ਇਸ ਆਦਮ ਜਾਮੇ ਆਕੇ ॥

# ਅਰਘ

ਜੇਬ ਜਿਹਨਾਂ ਦੀ ਚਾਰ ਨੇ ਪੈਸੇ
ਲੋਕੀ ਪੂਜਨ ਉਹਨਾਂ ਦੇ ਛਿਤਰਾਂ ਨੂੰ ॥

ਮਰਨ ਦੇ ਮਗਰੋਂ ਕੰਧਾਂ ਤੇ ਲਾਕੇ
ਪੂਜਨ ਉਹਨਾਂ ਦੇ ਚਿਤਰਾਂ ਨੂੰ ॥

ਗਰੀਬ ਮਾਪਿਆਂ ਨੇ ਨਾ ਕਦੇ ਨਲ੍ਹਾਇਆ
ਮੋਈ ਦੇਹ ਤੇ ਲੋਂਦੇ ਇਤਰਾਂ ਨੂੰ ॥

'ਭੱਜੀ' ਜਿਉਂਦੇ ਦੇ ਮੂੰਹ ਜੋ ਪਾਣੀ ਨਾ ਪੌਂਦੇ
ਉਹ ਅਰਘ ਚੜ੍ਹੌਂਦੇ ਪਿਤਰਾਂ ਨੂੰ ॥



# ਮੇਰਾ ਮਨ

ਪਿਉ ਦੇ ਮੂਹਰੇ
ਜਿਵੇਂ ਜਵਾਨ ਹੋਕੇ
ਬੋਲਦਾ ਹੈ ਕੋਈ ਪੁੱਤਰ ॥
ਬਾਪੂ ਦੀ
ਹਰ ਸਿੱਧੀ ਗੱਲ ਦਾ
ਉਹ ਉਲਟਾ ਦੇਂਦਾ ਉੱਤਰ ॥

ਇਕ ਦਿਨ
ਇੰਜ ਹੀ ਮਨ ਮੇਰਾ
ਰਬ ਦੇ ਅਗੇ ਖੜ ਗਿਆ ॥
ਲੋਕੋ ਆਪਣੀ
'ਮੈਂ' ਦਾ ਓਹਲਾ
ਉਹਦੇ ਅਗੇ ਅੜ ਗਿਆਂ ॥

ਰਬ ਨੂੰ
ਇਹ ਆਖਣ ਲਗਾ
ਏਥੇ ਸਭ ਕੁਛ ਮੇਰਾ ਹੈ ॥
ਅਪਣੀ ਮੇਹਨਤ ਦਾ
ਮੈਂ ਇਹ ਸਭ ਬਣਾਇਆ
ਅਹਿਸਾਨ ਨਹੀਂ ਕੋਈ ਤੇਰਾ ਹੈ ॥

ਬੜਾ ਹੋਸ਼ਿਆਰ ਸੀ
ਮੈਂ ਪੜ੍ਹਾਈ ਦੇ ਵਿਚ
ਕਲਾਸ ਵਿਚ ਸੀ
ਮੇਰਾ ਪਹਿਲਾ ਨੰਬਰ ॥

ਤਾਂ ਹੀ ਤਾਂ
ਅਜ ਸ਼ੋਹਰਤ ਮੇਰੀ
ਛੂਹ ਰਹੀ ਹੈ ਨੀਲਾ ਅੰਬਰ ॥

ਭਾਵੇਂ ਤੂੰ ਹੀ ਘੜਿਆ ਮੈਨੂੰ
ਇਹ ਹੁਣ ਮੇਰਾ ਤਨ ਹੈ ॥
ਭਾਵੇਂ ਤੂੰ ਹੀ ਦਿੱਤਾ ਮੈਨੂੰ
ਇਹ ਹੁਣ ਮੇਰਾ ਧੰਨ ਹੈ ॥

ਭਾਵੇਂ ਤੇਰੀ ਬਖਸ਼ੀ ਹੋਈ
ਇਹ ਮੇਰੀ ਰਚਨਾ ਹੈ ॥
ਭਾਵੇਂ ਤੇਰੀ ਦਿਤੀ ਹੋਈ
ਇਹ ਮੇਰੀ ਰਸਨਾ ਹੈ ॥

ਉਲਟੇ ਸਿਧੇ ਜੋ ਭੀ ਹਨ
ਉਹ ਮੇਰੇ ਬੋਲ ਹਨ ॥
ਭਾਵੇਂ ਉਹਨਾਂ ਦੇ ਹਿਸਾਬ ਕਿਤਾਬ
ਸਭ ਤੇਰੇ ਕੋਲ ਹਨ ॥

ਕਿਸਤਾਂ ਮੈਂ ਦੇਂਦਾ ਹਾਂ
ਇਹ ਮੇਰੀ ਕਾਰ ਹੈ ॥

ਮੇਰੇ ਨਾਲ ਵਿਆਹੀ ਸੀ
ਇਹ ਮੇਰੀ ਨਾਰ ਹੈ ॥

ਇਹ ਮੇਰਾ ਪੁਤ ਹੈ
ਇਹ ਮੇਰੀ ਧੀ ਹੈ ॥
ਇਹ ਮੇਰੇ ਦੋਸਤ ਨੇ
ਇਹ ਮੇਰੇ ਟੱਬਰ ਦੇ ਜੀ ਹੈ ॥
ਤੂੰ ਕਹੇਂ ਇਹ ਸਭ ਤੇਰੇ
ਇਸ ਵਿਚ ਭਲਾ ਤੇਰਾ ਕੀ ਹੈ ॥



ਮੁੜਿਉਂ ਹਸਕੇ ਸਤਿਗੁਰੂ ਬੋਲੇ
ਬਚਿਆ ਏਥੇ ਕੁਛ ਨਹੀਂ ਤੇਰਾ ॥
ਜਿਵੇਂ ਕਿਸੇ ਦਰਖਤ ਦੇ ਉਤੇ
ਪੰਛੀ ਲੌਂਦੇ ਰਾਤ ਨੂੰ ਡੇਰਾ ॥
ਸੂਰਜ ਚੜ੍ਹਦੇ ਸਾਰ ਹੀ ਸਭੇ
ਉਥੋਂ ਨੇ ਉੜ ਜਾਂਦੇ ॥
ਫੇਰ ਕਦੇ ਨਾ ਹੋ ਇਕੱਠੇ
ਉਥੇ ਉਹ ਮੁੜ ਆਂਦੇ ॥

ਪੁਤ ਧੀਆਂ ਦੇ ਦੋਸਤ ਮਿਤਰ
ਜਿਹਨਾਂ ਦੁਆਲੇ ਮਾਰੇ ਗੇੜੇ ॥
ਅਖੀਰ ਵੇਲੇ ਇਹ ਸਭ ਛਡ ਜਾਂਦੇ
ਕੋਈ ਨਹੀਂ ਢੁਕਦਾ ਨੇੜੇ ॥

ਤਨ ਤੇਰਾ
ਜਿਸਤੇ ਤੈਨੂੰ ਮਾਣ ਹੈ ਐਨਾ
ਇਹ ਹੈ ਮਿੱਟੀ ਦਾ ਬੁਤ ॥
ਚਾਹੇ ਕੋਈ
ਕਹੇ ਤੈਨੂੰ ਬਾਪੂ
ਚਾਹੇ ਕਹੇ ਕੋਈ ਤੈਨੂੰ ਪੁਤ ॥

ਕਿੰਨੀ ਦੇਰ ਤੱਕ
ਭਲਾ ਚਲਦਾ ਹੈ
ਭਾਂਡਾ ਜੋ ਮਿਟੀ ਤੋਂ ਘੜਿਆ ॥
ਭੇਜਿਆ ਤੈਨੂੰ
ਕੇਹੜੇ ਕੰਮ ਸੀ
ਉਲਟ ਸਬਕ ਤੂੰ ਆਕੇ ਪੜ੍ਹਿਆ ॥

ਮਾਇਆ ਨਾਲ
ਜੋ ਪਿਆਰ ਹੈ ਤੇਰਾ
ਇਹ ਨਾ ਕਿਸੇ ਦੀ ਹੋਈ ॥
ਕੱਲ ਤੈਥੋਂ
ਕੋਈ ਖੋਹ ਲੈ ਜਾਵੇਗਾ

ਜਿਵੇਂ ਅਜ ਤੈਂ ਖੋਹੀ ॥
ਤੈਥੋਂ ਪਹਿਲਾਂ
ਕਈ ਵਡੇ ਵਡੇ
ਐਥੇ ਹੋਏ ਰਾਜੇ ॥
ਦਰਵਾਜਿਆਂ ਮੂਹਰੇ
ਖੜੇ ਸੀ ਹਾਥੀ
ਰੋਜ਼ ਬਜਦੇ ਸੀ ਬਾਜੇ ॥

ਪਤਾ ਤੈਨੂੰ
ਅਜ ਉਹ ਕਿਥੇ
ਇਸ ਧਰਤੀ ਨੇ ਖਾ ਲਏ ॥
ਬਣੇ ਸੀ
ਉਹ ਇਹਦੀ ਮਿੱਟੀ ਚੋਂ
ਇਸ ਮਿਟੀ ਵਿਚ ਰਲਾ ਲਏ ॥

ਕਿਸ ਮਨ ਦੀ
ਤੂੰ ਗਲ ਕਰਦਾ ਹੈਂ
ਉਹ ਕੋਲ ਨਾ ਤੇਰੇ ਰਹਿੰਦਾ ॥

ਜੇਹੜੀ ਚੀਜ
ਅਜ ਕੋਲ ਨਹੀਂ ਤੇਰੇ
ਉਹਨੂੰ ਕਿਵੇਂ ਤੂੰ ਆਪਣੀ ਕਹਿੰਦਾ ॥

ਸੁਣਕੇ ਸਾਰੀ ਗਲ ਮੈਂ ਇਹੋ
ਸੋਚਾਂ ਦੇ ਵਿਚ ਪੈ ਗਿਆ ॥
ਹੱਥ ਜੋੜ ਮਾਲਕ ਦੇ ਚਰਨਾਂ ਤੇ
ਭੁਲ ਬਖਸ਼ੋਣ ਲਈ ਢੈ ਪਿਆ ॥

'ਭੱਜੀ' ਦਾ ਮਨ ਹਾਲੇ ਮਤਵਾਲਾ
ਤੇਰਾ ਨਹੀਂ ਹੋ ਸਕਿਆ ॥
ਇਸੇ ਕਰਕੇ ਤਾਂ ਤੂੰ ਹਾਲੇ ਦਾਤਾ,
ਮੇਰਾ ਨਹੀਂ ਹੋ ਸਕਿਆ ॥



# ਵਣਜਾਰੇ

ਜਿਵੇਂ ਘਰੋਂ
ਪੂੰਜੀ ਲੈ ਤੁਰਦੇ
ਵਣਜ ਕਰਣ ਵਣਜਾਰੇ ॥
ਪਿੰਡ ਪਿੰਡ ਜਾਕੇ
ਉਹ ਦੇਂਦੇ ਹੋਕਾ
ਘੁੰਮਦੇ ਥਾਂ ਉਹ ਸਾਰੇ ॥
ਸ਼ਾਮ ਨੂੰ ਲੈਕੇ
ਜਦ ਚਾਰ ਉਹ ਪੈਸੇ
ਘਰ ਨੂੰ ਮੁੜਦੇ ਔਂਦੇ ॥
ਤਾਹੀਓਂ ਫੇਰ
ਘਰ ਵਾਲੇ ਉਹਨਾਂ ਦੇ
ਕਦਰ ਉਹਨਾਂ ਦੀ ਪੌਂਦੇ ॥

ਕੋਈ ਉਹਨਾਂ ਦੇ
ਪੈਰ ਹੈ ਘੁਟਦਾ
ਕੋਈ ਪਖੀ ਝਲੇ ॥
ਸੁਣ ਸੁਣਕੇ
ਉਹਨਾਂ ਦੇ ਕਾਰਨਾਮੇ
ਆਖਣ ਬੱਲੇ ਬੱਲੇ ॥

ਪਰ ਕੋਈ
ਝਟਪਟ ਲਖਪਤੀ ਬਣਨ ਲਈ
ਸਭ ਪੂੰਜੀ ਜੂਏ ਤੇ ਲੌਂਦੇ ॥
ਕੋਈ ਵਿਰਲਾ ਹੀ
ਜਿਤਦਾ ਜੂਆ

ਬਾਹਲੇ ਸਭ ਗੁਔਂਦੇ ॥
ਪਾਕੇ ਨੀਵੀਂ
ਖਾਲੀ ਜੇਬ
ਜਦ ਉਹ ਘਰ ਨੂੰ ਔਂਦੇ ॥
ਦੇਖਕੇ ਪੂੰਜੀ
ਨਾ ਉਹਦੇ ਪਲੇ
ਘਰ ਵਾਲੇ ਭੀ ਪਛਤੌਂਦੇ ॥
ਉਹਦੀ ਔਰਤ
ਤੇ ਉਹਦੇ ਬੱਚੇ ਭੀ
ਨਹੀਂ ਉਹਨੂੰ ਚੰਗੀ ਤਰਾਂ ਬੁਲੌਂਦੇ ॥
ਹਾਰੇ ਜੁਆਰੀ
ਕੋਲ ਕਦੇ ਨਾ
ਕੋਈ ਦੋਸਤ
ਡੇਰੇ ਲੌਂਦੇ ॥

ਇੰਜ ਹੀ
ਸਾਹਾਂ ਦੀ ਪੂਜਾ ਲੈਕੇ
ਬੰਦਾ ਇਸ ਜਗ ਤੇ ਔਂਦਾ ॥
ਕਿਸੇ ਦੇ ਹਿਸੇ
ਥੋਹੜੇ ਜਹੇ ਸਾਹ
ਕਿਸੇ ਦੇ ਜ਼ਿਆਦਾ ਪੌਂਦਾ ॥
"ਉਹਨੂੰ"
ਕੋਈ ਪੁਛ ਨਹੀਂ ਸਕਦਾ
'ਉਹ' ਕਰਦਾ ਜੋ ਉਹਨੂੰ ਭੌਂਦਾ ॥
ਸਫਲ ਬਸ
ਉਹ ਹੀ ਸਾਹ ਹੈ ਹੁੰਦਾ
ਜਦ ਬੰਦਾ ਨਾਂ ਉਹਦਾ ਹੈ ਗੌਂਦਾ ॥

ਇੰਜ ਹੀ
ਲੈ ਕੁਛ ਸਾਹ ਉਧਾਰੇ
ਮੈਂ ਇਸ ਜਗ 'ਚ ਆਇਆ ॥
ਮੈਂ ਭੀ
ਆਪਣੇ ਸਾਰੇ ਸਾਹਾਂ ਨੂੰ
ਝੂਠੇ ਧਨ ਲਈ ਲਾਇਆ ॥



ਕੀਤੀ ਨਹੀਂ
ਕੋਈ ਐਸੀ ਕਮਾਈ
ਸਾਥ ਹੈ ਜਿਸਨੇ ਜਾਣਾ ॥
ਹਾਰੇ ਹੋਏ
ਜੁਆਰੀ ਵਾਂਗੂ
ਮੈਂ ਭੀ ਅੰਤ ਪਛਤਾਨਾਂ ॥

ਜੇਬ ਫਰੋਲੀ
ਅਜ ਜਦ ਮੈਂ ਆਪਣੀ
ਕੁਛ ਨਹੀਂ ਹੈ ਮੇਰੇ ਪੱਲੇ ॥
ਕੀ ਮੈਂ ਜਾਕੇ
ਦੇਵਾਂਗਾ 'ਸ਼ਾਹ' ਨੂੰ
ਜੋ ਪਾ ਸਕੇ ਉਹ ਗੱਲੇ ॥

ਆਖਿਰ ਹਿਸਾਬ ਕਿਤਾਬ
ਜਦੋਂ ਉਸ ਕਰਨਾ
ਢੁਕਦਾ ਕੋਈ ਗਰੀਬ ਨਹੀਂ ॥
ਲੋਕ ਭਾਵੇਂ ਕਹਿਣ
'ਭੱਜੀ' ਧੰਨ ਵਾਲਾ
ਪਰ ਮੇਰੇ ਜਿਹਾ
ਕੋਈ ਗਰੀਬ ਨਹੀਂ।

## ਐ ਮੇਰੇ ਮਨ

ਐ ਮਨ ਮੇਰੇ
ਮੈਨੂੰ ਸਮਝ ਨਾ ਆਵੇ
ਤੂੰ ਕੀ ਏ ਚੌਹਦਾ ॥

ਜਦ ਕਦੇ ਭੀ
ਧਿਆਨ ਧਰ ਉਸਦਾ
ਮੈਂ ਹਾਂ ਉਹਨੂੰ ਧਿਔਂਦਾ ॥

ਤੂੰ ਮੇਰਾ ਕਦੇ
ਸਾਥ ਨਾ ਦਿਤਾ
ਰਿਹਾ ਤੂੰ ਰੌਲਾ ਪੌਂਦਾ ॥

ਫੁਰੱਰ ਕਰਕੇ
ਝਟ ਉਡ ਤੂੰ ਜਾਂਦਾ
ਨਾ ਤੂੰ ਪਲਾ ਫੜੌਂਦਾ ॥

ਝੂਠ ਮੂਠ ਹੀ
ਬਣਾ ਬਹਾਨਾ ਨਾਮ ਜਪਣ ਦਾ
ਰਿਹਾ ਮੈਂ ਵਕਤ ਲਘੌਂਦਾ ॥

ਹਾਲੇ ਤਾਈਂ
ਮੈਨੂੰ ਰਬ ਨਾ ਮਿਲਿਆ
ਨਾ ਕਿਤੇ ਨੇੜੇ ਨਜਰੀ ਔਂਦਾ ॥

ਰਾਤ ਨੂੰ
ਜਦੋਂ ਮੈਂ ਸੌਣ ਹੀ ਲਗਦਾ
ਤੂੰ ਨੀਂਦ ਨੂੰ ਕਿਤੇ ਭਜੌਂਦਾ ॥



ਇਸ ਕਰਕੇ ਤਾਂ
ਸੁਪਨਿਆਂ ਵਿਚ ਵੀ
ਰਬ ਕਦੇ ਨਾ ਔਂਦਾ ॥

ਭਟਕਦਾ ਰਿਹਾ
ਪਤਾ ਨਹੀਂ ਕਿਥੇ ਕਿਥੇ
ਤੂੰ ਨਾਲੇ ਮੈਨੂੰ ਤੜਫੌਂਦਾ ॥

ਤੂੰ ਹੀ ਦਸ ਖਾਂ
ਇਹ ਮੇਰੇ ਮਨ
ਕਿਉਂ ਤੂੰ ਮੈਨੂੰ ਸਤੌਂਦਾ ?

ਤੰਗ ਕਰਕੇ ਦਸ
ਭਜੀ ਨੂੰ ਐਵੇਂ
ਕੀ ਤੈਨੂੰ ਮਜ਼ਾ ਹੈ ਔਂਦਾ ॥

# ਨਿਮਾਣ

ਰਬ ਤਾਂ ਬਸ
ਪਾਣੀ ਦੇ ਵਾਂਗੂ
ਨਿਮਾਣ ਵਲ ਨੂੰ ਜਾਵੇ ॥

ਉਚੇ ਘਰਾਂ ਵਿਚ
ਹੈਂਕੜਬਾਜ਼ਾਂ ਦੇ
ਉਹ ਦਿਲ ਨੂੰ ਕਦੇ ਨਾ ਭਾਵੇ ॥

ਛਡਕੇ ਉਹ
ਭਾਗੋ ਦੇ ਮਹਿਲਾਂ ਨੂੰ
ਲਾਲੋ ਦੇ ਘਰ ਜਾਂਦਾ ॥

ਗਰੀਬ ਦੇ ਘਰ
ਕੋਧਰੇ ਦੀ ਰੋਟੀ
ਉਹ ਸਵਾਦ ਨਾਲ ਹੈ ਖਾਂਦਾ ॥

ਕਹਿੰਦਾ ਉਹ ਭਾਗੋ ਦੇ ਤਾਈਂ
ਤੇਰੇ ਪੂੜਿਆਂ 'ਚੋਂ
ਸਵਾਦ ਲਹੂ ਦਾ ਆਂਦਾ ॥

ਆਇਆ ਉਹ ਜਦ
ਕਰਿਸ਼ਨ ਜਾਮੇ ਵਿਚ
ਸਾਗ ਅਲੂਣਾ ਖਾਵੇ ॥

ਛਡਕੇ ਉਹ
ਘਰ ਬਿਦਰ ਦਾ
ਨਾ ਮਹਲਾਂ ਅੰਦਰ ਜਾਵੇ ॥



ਹੋਸ਼ ਕਰ ਤੂੰ
ਐਵੇਂ ਬੰਦਿਆ
ਕਿਉਂ ਐਡੇ ਪਾਪ ਕਮਾਂਦਾ ॥

ਪੁਛਕੇ ਦੇਖ ਲੈ
ਦੂਨੀ ਚੰਦ ਤੋਂ
ਕੁਛ ਭੀ ਸਾਥ ਨਾ ਜਾਂਦਾ।

ਸ਼ਾਇਦ ਆ ਜਾਵੇ
ਰੁੜ੍ਹਕੇ ਮੇਰੇ ਵਲ ਭੀ
ਇਸ ਆਸ ਤੇ ਜੀਵਾਂ।

ਭੱਜੀ ਜੇ ਤੂੰ ਚਾਹੇਂ
ਰਬ ਨੂੰ ਮਿਲਣਾ
ਰਹਿ ਤੂੰ ਬਣਕੇ ਨੀਵਾਂ ॥

# ਨਿਮਰਤਾ

ਇਕ ਬੀ ਤੋਂ ਬੂਟਾ ਪੈਦਾ ਹੁੰਦਾ
ਇਹ ਦੁਨੀਆਂ ਦਾ ਦਸਤੂਰ ॥
ਜਦ ਉਹ ਭਰ ਜੋਬਨ ਤੇ ਔਂਦਾ
ਤਾਂ ਉਹਨੂੰ ਪੈਂਦਾ ਬੂਰ ॥

ਲਦਿਆ ਹੋਇਆ ਫਲਾਂ ਦਾ ਬੂਟਾ
ਧਰਤੀ ਵਲ ਨੂੰ ਢੈਂਦਾ ॥
ਜੇ ਕੋਈ ਮਾਰੇ ਉਸਨੂੰ ਰੋੜਾ
ਫੂਲ ਉਹ ਉਸਨੂੰ ਦੇਂਦਾ ॥

ਭਰਦਾ ਢਿਡ ਕਈ ਭੁਖਿਆਂ ਦੇ
ਨਾ ਪਲੇ ਕੁਛ ਭੀ ਰਖੇ ॥
ਛੱਡ ਦੇਂਦਾ ਸਭ ਫਲ ਦੁਨਿਆਂ ਲਈ
ਖੁਦ ਸਵਾਦ ਨਾ ਉਹੋ ਚਖੇ ॥

ਪਰ
ਦਾਤਾ ਇਸ ਦੁਨੀਆਂ ਅੰਦਰ
ਮੈਂ ਦੇਖੇ ਤੇਰੇ ਬੰਦੇ ॥
ਤੇਰੇ ਹੁਕਮ ਨਾਲ
ਉਹ ਲਗੇ ਹੋਏ
ਵਖੋ ਵਖਰੇ ਧੰਦੇ ॥

ਜਦ ਭੀ ਕਿਸੇ ਇਨਸਾਨ ਨੂੰ
ਮੇਹਨਤ ਦਾ ਫਲ ਹੈ ਲਗਦਾ ॥
ਮਾਰ ਦੇਂਦਾ ਉਹ ਸਾਥੀ ਸੰਗੀ
ਔਖਾ ਜਿਉਣਾ ਕਰਦਾ ਹੈ ਜਗ ਦਾ ॥



ਖੜ ਜਾਂਦਾ ਆਕੜ ਖੰਬੇ ਵਾਂਗੂ
ਉਹ ਨਾ ਕਿਸੇ ਦੇ ਅਗੇ ਝੁਕਦਾ ॥
ਭੁਲ ਜਾਂਦਾ ਉਹ ਤੈਨੂੰ ਭੀ ਦਾਤਾ
ਮੂੰਹ ਉਤਾਂਹ ਕਰ ਥੁਕਦਾ ॥
ਮੈਂ ਹੀ ਮੈਂ ਹਾਂ ਰਬ ਨਾ ਕੋਈ
ਉਹ ਮਸਤੀ ਵਿਚ ਬੁਕਦਾ ॥
ਜਿਧਰ ਦੀ ਭੀ ਲੰਘੇ ਉਹੋ
ਸਾਹ ਲੋਕਾਂ ਦਾ ਸੁਕਦਾ ॥

ਇਹ ਮਾਇਆ ਇਕ ਕੰਜਰੀ ਵਾਂਗੂੰ
ਸਦਾ ਇਕ ਕੋਲ ਨਾ ਰਹਿੰਦੀ ॥
ਕੁਛ ਪਲ ਰਹਿ ਇਕ ਬੰਦੇ ਕੋਲੇ
ਦੂਏ ਕੋਲ ਜਾ ਬਹਿੰਦੀ ॥

ਬੰਦਿਆ ਰਬ ਫਲ ਜੇ ਤੇਰੀ ਝੋਲੀ ਪਾਵੇ
ਉਹਨੂੰ ਲੋਕਾਂ ਦੇ ਵਿਚ ਤੂੰ ਵੰਡ ਦੇ ॥
ਤੁਠ ਪਿਆ ਜੇ ਉਹ ਤੇਰੇ ਤੇ
ਸ਼ਾਇਦ ਉਹ ਟੁੱਟੀ ਗੰਢ ਦੇ ॥

'ਭੱਜੀ' ਜਿਸ ਦਿਤਾ, ਉਹ ਲੈ ਭੀ ਸਕਦਾ
ਗੱਲ ਇਹ ਚੇਤੇ ਰਖਣੀ ॥
ਇਹ ਰੂਹ ਤਾਂ ਆਈ ਸੀ ਕੱਲੀ
ਆਖਿਰ ਤੁਰ ਜਾਣਾ ਇਸ ਸੱਖਣੀ ॥

## ਝੂਠੇ ਰਿਸ਼ਤੇ

ਮੋਇਆਂ ਨਾਲ ਨਾ ਕੋਈ ਮਰਦਾ
ਇਹ ਹੀ ਜਗ ਦੀ ਰੀਤ।

ਸਾਹ ਨਿਕਲਦਿਆਂ ਸਭ ਛਡ ਨੇ ਜਾਂਦੇ
ਇਹ ਹੈ ਜਗ ਦੀ ਪਰੀਤ ॥

ਤੁਰਨ ਲਗਿਆਂ ਨਾਲ ਕੋਈ ਨਾ ਤੁਰਦਾ
ਮਹਿਲ ਬਗੀਚੇ ਕੋਠੀਆਂ ਕਾਰਾਂ ॥
ਝੂਠੇ ਰਾਜੇ ਝੂਠੀ ਪਰਜਾ
ਝੂਠੀਆਂ ਸਭ ਸਰਕਾਰਾਂ ॥

ਝੂਠੇ ਮਾਂ ਪਿਓ, ਧੀ ਤੇ ਪੁੱਤਰ
ਝੂਠੇ ਭੈਣ ਤੇ ਭਾਈ ॥
ਝੂਠੇ ਰਿਸ਼ਤੇਦਾਰ ਨੇ ਸਾਰੇ
ਭੂਆ ਚਾਚੇ ਮਾਮਾ ਤਾਈ ॥

ਛਡ ਜਾਵੇਗੀ ਜੀਵਨ ਸਾਥਨ
ਜਿਸ ਦਿਨ ਘੜੀ ਉਹ ਆਈ ॥
'ਭੱਜੀ' ਕਿਉਂ ਜੰਜਾਲ ਵਿਚ ਫਸਿਆ ਬੈਠਾ
ਤੈਨੂੰ ਹਾਲੇ ਸਮਝ ਨਾ ਆਈ ॥





## ਤ੍ਰਿਹਾਈ ਰੂਹ

ਐ ਦਾਤਾ
ਕਈ ਸਦੀਆਂ ਤੋਂ
ਮੇਰੀ ਰੂਹ ਤ੍ਰਿਹਾਈ ॥
ਖੜਕੌਂਦੀ ਰਹੀ
ਤ੍ਰਿਹਾਇਆਂ ਦੇ ਬੂਹੇ
ਇਹਦੀ ਪਿਆਸ ਨਾ ਕਿਸੇ ਬੁਝਾਈ ॥

ਭਟਕਦੀ ਰਹੀ
ਇਹ ਮਾਰੂਥਲਾਂ ਵਿਚ
ਪਾਣੀ ਨੂੰ ਰਹੀ ਭਾਲਦੀ ॥
ਭਜਦੀ ਭਜਦੀ
ਠਗਨੀਰੀਆਂ ਪਿਛੇ
ਉਮਰ ਰਹੀ ਇਹ ਗਾਲਦੀ ॥

ਗੰਦੇ ਨਾਲੇ
ਤੇ ਛਪੜਾਂ ਅੱਗੇ
ਇਹ ਹੱਥ ਅਡਦੀ ਨਾ ਸੰਗੇ ॥
ਛਡਕੇ ਮਿਠਾ
ਖੂਹ ਦਾ ਪਾਣੀ
ਇਹ ਪਾਣੀ ਉਹਨਾਂ ਤੋਂ ਮੰਗੇ।

"ਖੂਹ ਮੇਰੇ ਕੋਲ
ਚਲਕੇ ਆਵੇ
ਮੈਂ ਕਿਉਂ ਖੂਹ ਕੋਲ ਜਾਵਾਂ ॥
ਆਪੇ ਖੂਹ ਆਕੇ

ਜੇ ਪਾਵੇ ਮੇਰੇ ਮੂੰਹ ਵਿਚ
ਤਾਂ ਮੈਂ ਪਿਆਸ ਬੁਝਾਵਾਂ ॥"

ਖੂਹ ਚਲਕੇ
ਕਦੇ ਪਿਆਸਿਆਂ ਕੋਲ ਨਾ ਔਂਦੇ
ਇਹ ਸਮਝ 'ਭੱਜੀ' ਨੂੰ ਆਈ ॥
ਐ ਮੇਰੀ ਅੜੀਅਲ ਰੂਹੇ
ਤੁਰ ਪੈ ਤੂੰ ਉਸ ਖੂਹੇ ਵਲ ਨੂੰ
ਨਹੀਂ ਮਰ ਜਾਏਂਗੀ ਤ੍ਰਿਹਾਈ ॥



## ਫਿਕਰ

ਜੰਮਣ ਤੋਂ ਲੈ,
ਮਰਨੇ ਤੱਕ।
ਬੰਦਾ ਉਠਦਾ ਬਹਿੰਦਾ ਸੋਚੇ ॥
ਫਿਕਰਾਂ ਦੇ,
ਨੌਹਾਂ ਦੇ ਨਾਲ,
ਉਹ ਦਿਲ ਆਪਣੇ ਨੂੰ ਨੋਚੇ ॥
ਕਦੇ ਫਿਕਰ ਹੈ
ਉਹਨੂੰ ਕੰਮ ਦਾ
ਕਦੇ ਮਾਇਆ ਲਈ ਲੋਚੇ ॥
ਡਿਗਦੀ ਦੇਖ
ਕਿਸੇ ਦੀ ਜੇਬੋਂ
ਉਹ ਇੱਲ੍ਹ ਦੇ ਵਾਂਗੂ ਬੋਚੇ ॥

ਕਦੇ ਫਿਕਰ ਹੈ
ਉਹਨੂੰ ਸੇਹਤ ਆਪਣੀ ਦਾ
ਕਿਤੇ ਛੇਤੀ ਨਾ ਮਰ ਜਾਵਾਂ ॥
ਛਡਕੇ ਆਪਣੇ
ਮਹਿਲ ਮਾੜੀਆਂ
ਕਿਤੇ ਚੜ੍ਹਾਈ ਨਾ ਕਰ ਜਾਵਾਂ ॥

ਕਦੇ ਫਿਕਰ ਹੈ,
ਉਹਨੂੰ ਬੱਚਿਆਂ ਦਾ,
ਜੋ ਨਾ ਕਰਨ ਪੜ੍ਹਾਈ ॥
ਇਸ ਕਰਕੇ
ਸਦਾ ਨਾਲ ਉਹਨਾਂ ਦੇ
ਘਰ ਵਿਚ ਰਹੇ ਲੜਾਈ ॥

ਸਬੇਰ ਤੋਂ ਲੈਕੇ
ਸ਼ਾਮ ਤਕ ਬੰਦਾ
ਧੌਣ ਕਟੇ ਕੁਕੜ ਵਾਂਗ ਦੌੜੇ ॥
ਚੋਰੀ ਯਾਰੀ
ਕਰ ਠਗੀ ਧੋਖਾ
ਕਲ੍ਹ ਲਈ ਧੰਨ ਹੈ ਜੋੜੇ ॥

ਇਸ ਧੰਨ ਖਾਤਿਰ
ਉਹ ਛਡ ਦੇਂਦਾ
ਅਪਦੀ ਅਮੜੀ ਜਾਏ ॥
ਕਹਿੰਦਾ
ਹਰ ਇਕ ਜੀ ਟੱਬਰ ਦਾ
ਓਹਦਾ ਖਟਿਆ ਖਾਏ ॥

ਰਬ ਦਾ ਨਾਂ
ਉਹ ਕਦੇ ਨਾ ਲੈਂਦਾ
ਸਦਾ ਗੁਣ ਮਾਇਆ ਦੇ ਗਾਵੇ।
ਕਈ ਬਾਰ
ਉਹ ਇਸ ਦੀ ਖਾਤਿਰ
ਜਾਨ ਖਤਰੇ ਵਿਚ ਪਾਵੇ ॥

ਜਿੰਨੀ ਦੇਰ ਤਕ
ਬੰਦਾ ਸੋਚੇ
ਮੈਂ ਹੀ ਸਭ ਕੁਛ ਕਰਦਾ ॥
ਦਿਨ ਵਿਚ
ਕਈ ਵਾਰ ਉਹ ਜਿਉਂਦਾ
ਕਈ ਵਾਰ ਉਹ ਮਰਦਾ ॥
ਬਾਹਰੋਂ ਭਾਵੇਂ
ਰੋਹਬ ਜਮਾਵੇ
ਅੰਦਰੋਂ ਰਹਿੰਦਾ ਡਰਦਾ ॥
ਗੱਦਿਆਂ ਤੇ ਭੀ
ਨੀਂਦ ਨਾ ਆਵੇ
ਦੁਖ ਹਮੇਸ਼ਾ ਜਰਦਾ ॥



ਗਾਲ ਲੈਂਦਾ ਹੈ
ਬੰਦਾ ਅਜ ਨੂੰ
ਕਲ ਦਾ ਕਰਦਾ ਫਿਕਰ।
ਸ਼ਾਇਦ ਬੰਦੇ
ਉਹ ਕਲ ਨਾ ਹੀ ਆਵੇ
ਜਿਸਦਾ ਅਜ ਤੂੰ ਕਰਦਾ ਜਿਕਰ ॥

ਦਿਨ ਸੌਖੇ
ਜੇ ਕਟਣੇ ਜਗ ਤੇ
ਮਨ ਲੈ ਬੰਦੇ ਮੇਰਾ ਕਹਿਣਾ ॥
'ਭੱਜੀ' ਸਿਖ ਲੈ ਤੂੰ
ਅਪਣੀ ਮੈਂ ਨੂੰ ਛਡਕੇ
ਉਹਦੀ ਰਜਾ ਦੇ ਵਿਚ ਰਹਿਣਾ ॥

## ਬੰਦਾ

ਬੰਦਾ ਭਾਵੇਂ, ਕੋਈ ਹੋਵੇ
ਆਖਿਰ ਤਾਂ ਬੰਦਾ ਹੈ ਬੰਦਾ ॥
ਬਾਹਰੋਂ ਭਾਵੇਂ, ਹੋਵੇ ਚੰਮ ਕੈਸਾ
ਅੰਦਰੋ ਤਾਂ ਗੰਦੇ ਦਾ ਗੰਦਾ ॥

ਦਿਮਾਗ ਇਹਦੇ ਵਿਚ,
ਫਤੂਰ ਬੜਾ ਹੈ
ਇਹ ਤੇ 'ਮੈਂ' ਮੇਰੀ ਨਾਲ ਭਰਿਆ ॥
ਚੰਗਾ ਕੰਮ
ਜੇ ਕਦੇ ਭੀ ਕੀਤਾ
ਉਹ ਭੀ 'ਮੈਂ' ਦੀ ਖਾਤਿਰ ਕਰਿਆ ॥
ਡਰਦਾ ਹੈ
ਇਹ ਛਿੱਤਰਾਂ ਕੋਲੋਂ
ਰਬ ਦੇ ਕੋਲੋਂ ਕਦੇ ਨਾ ਡਰਿਆ ॥
ਭਰ ਦੇਂਦਾ ਹੈ
ਜੁਰਮਾਨੇ ਭਾਰੇ
ਪਰ ਪੁੰਨਦਾਨ ਇਹਤੋਂ ਕਦੇ ਨਾ ਸਰਿਆ ॥
ਸ਼ਰੀਕ ਇਸ ਦਾ
ਜੇ ਕਰ ਜਾਵੇ ਤਰੱਕੀ
ਉਹ ਨਾ ਇਸ ਤੋਂ ਜਾਵੇ ਜਰਿਆ ॥
ਭੁਲ ਜਾਂਦਾ ਹੈ
ਪਾ ਪਾ ਕੇ ਦਾਤਾਂ
ਨਾ ਯਾਦ ਕਦੇ ਦਾਤੇ ਨੂੰ ਕਰਿਆ ॥

'ਮੈਂ' ਮੇਰੀ ਦੇ
ਚੱਕਰਾਂ ਦੇ ਵਿਚ ਹੀ



ਆਖਿਰ ਪੈਂਦਾ ਮੌਤ ਦਾ ਫੰਦਾ ॥
'ਭੱਜੀ' ਉਸ ਵੇਲੇ
ਰਬ ਚੇਤੇ ਔਂਦਾ
ਜਦ ਜਗ ਨੂੰ ਛਡਕੇ ਤੁਰਦਾ ਬੰਦਾ ॥

# ਤਿੜਕਿਆ ਘੜਾ

ਇਹ ਜ਼ਿੰਦਗੀ ਤਾਂ
ਇੰਜ ਲਗਦੀ ਹੈ
ਜਿਵੇਂ ਤਿੜਕੇ ਘੜੇ 'ਚ
ਹੋਵੇ ਸਾਹਾਂ ਦਾ ਪਾਣੀ ॥

ਇਕ ਇਕ ਕਰ
ਸਾਹ ਸਿੰਮਦੇ ਜਾਂਦੇ
ਆਖਿਰ ਇਹ
ਜ਼ਿੰਦਗੀ ਮੁਕ ਜਾਣੀ ॥

ਇਹ ਜਿੰਦਗੀ ਤਾਂ
ਖੁਦ ਹੀ ਤ੍ਰਿਹਾਈ
ਇਸ ਭਲਾ ਕੀ
ਪਿਆਸ ਕਿਸੇ ਦੀ ਬੁਝਾਣੀ ॥

ਮੂੰਹ ਘੜੇ ਦਾ
ਬੰਦ ਭਾਵੇਂ ਰਖੋ
ਪਰ ਪਾਣੀ ਨਿਕਲ ਰਿਹਾ
ਹੋਲੀ ਹੋਲੀ ਤੇੜਾਂ ਥਾਣੀ ॥

ਪਹਿਲੇ ਦਿਨ
ਜਦੋਂ ਇਹ ਘੜਾ ਸੀ ਭਰਿਆ
ਇਸ ਪਾਣੀ ਨੇ
ਨਿਕਲਣ ਦੀ ਠਾਣੀ ॥

ਕੋਈ ਇਹਨੂੰ
ਰੋਕ ਨਾ ਸਕਦਾ



ਕੋਈ ਰੰਕ
ਜਾਂ ਰਾਜਾ ਰਾਣੀ ॥

ਹੋਲੀ ਹੋਲੀ
ਉਹ ਘੜੀ ਅਖੀਰੀ
ਅੰਤ ਨੂੰ ਤਾਂ
ਸਭ ਉਤੇ ਆਣੀ ॥

ਇੰਜ ਲਗਦਾ ਸੀ
ਅਸੀਂ ਕਦੇ ਨਾ ਮਰਨਾ
ਬੰਨ੍ਹਕੇ ਬਹਿ ਗਏ ਸੀ
ਇਸ ਜਗ ਤੇ ਢਾਣੀ ॥

ਹੁਣ ਤਾਂ
ਹੋਲੀ ਹੋਲੀ ਚੱਲਣ ਲਗ ਪਏ
ਇਸ ਜਗ ਤੋਂ
ਮੇਰੇ ਬਚਪਨ ਦੇ ਹਾਣੀ ॥

ਪਾਣੀ ਇਕ ਬਾਰ
ਜਦ ਘਟਣ ਲਗ ਪਿਆ
ਖਾਲੀ ਹੁੰਦੇ ਘੜੇ ਨੇ
ਫੇਰ ਦੇਰ ਨਾ ਲਾਣੀ ॥

ਬੰਦਿਆ ਹਾਲੇ
ਵਕਤ ਤੇਰੇ ਕੋਲ
ਰਹਿੰਦੇ ਸਾਹਾਂ ਨਾਲ
ਜਪ ਤੂੰ ਬਾਣੀ ॥

ਭੱਜੀ ਉਹਦੀ ਭਗਤੀ ਬਾਝੋਂ
ਕੀਤੀ ਕੋਈ ਕਮਾਈ
ਅਗੇ ਜਾਕੇ
ਕਿਸੇ ਕੰਮ ਨਾ ਆਣੀ ॥

# ਅਨਹਦ ਨਾਦ

ਕੰਨੀ ਤਾਂ ਮੈਂ,
ਇਹ ਸੁਣੀ ਨਹੀਂ ਹਾਲੀ,
ਪਰ ਗੁਣੀ ਗਿਆਨੀ ਇਹ ਕਹਿੰਦੇ ਨੇ ॥
ਉਹ ਜਿਕਰ,
ਇਸੇ ਦਾ ਕਰਦੇ
ਜਦ ਭੀ ਇਕਠੇ ਹੋ ਬਹਿੰਦੇ ਨੇ ॥

ਧੁੰਨ ਉਹ ਹੈ,
ਸਭ ਤੋਂ ਵਖਰੀ,
ਨਹੀਂ ਕੋਈ ਹੋਰ ਆਵਾਜ਼ ਉਸ ਵਰਗੀ ॥
ਜਿਵੇਂ ਦੂਰ ਕਿਤੇ,
ਕੋਈ ਬਾਂਸਰੀ ਵੱਜੇ,
ਨਦੀ ਕਿਨਾਰੇ ਵੇਲੇ ਸਰਘੀ ॥

ਕਹਿੰਦੇ ਅਨਹਦ ਨਾਦ ਦੀ,
ਧੁੰਨ ਜਦੋਂ ਭੀ ਵਜਦੀ ॥
ਇੰਜ ਜਾਪੇ ਕਿਤੇ ਪਰਬਤੀ,
ਦੂਰ ਪਈ ਬਿਜਲੀ ਹੈ ਗੱਜਦੀ ॥

ਆਪਣੇ ਆਪ,
ਜਦ ਇਕ ਵਾਰ,
ਕੰਨ ਕਿਸੇ ਦੇ ਪੈ ਜਾਂਦੀ ॥
ਹੋਰ ਸੁਣਨ ਸਣੌਣ ਦੀ ਇੱਛਾ,
ਨਾ ਇਸ ਪਿਛੌਂ ਰਹਿ ਜਾਂਦੀ ॥

ਦਿਲ ਦਿਲ ਦੇ ਨਾਲ ਹੈ,
ਉਸ ਵੇਲੇ ਮਿਲਦੇ ॥



ਸੋਹਣੇ ਫੁੱਲ ਕਮਲ ਦੇ,
ਉਸ ਵੇਲੇ ਖਿਲਦੇ ॥

ਦੂਰ ਹਨੇਰੇ ਭਜਦੇ,
ਐਸੇ ਚਾਨਣਾ ਹੁੰਦਾ ॥
ਪਰ ਕਿਸੇ ਕਿਸੇ ਦੀ ਕਿਸਮਤੀ,
ਇਹ ਮਾਨਣਾ ਹੁੰਦਾ ॥

ਅਰਸ਼ੀ ਨੂਰ ਦੇ ਨਾਲ,
ਬੰਦਾ ਇਕ ਮਿਕ ਹੋ ਜਾਂਦਾ ॥
ਉਹ ਛੱਡ ਕੇ ਦੁਨੀਆਂ ਰੰਗਲੀ,
ਪ੍ਰੀਤਮ ਵਿਚ ਖੋ ਜਾਂਦਾ ॥

ਉਹਦੇ ਮਗਰੋਂ ਫੇਰ ਨਾ,
ਬੰਦਾ ਪੈਂਦਾ ਜੂਨਾਂ ਦੇ ਗੇੜੇ ॥
ਮੁਕ ਜਾਂਦੇ ਇਹਦੇ ਨਾਲ ਹੀ,
ਬਸ ਸਾਰੇ ਝੇੜੇ ॥
ਰੂਪ ਉਸਦਾ ਹੀ,
ਸਾਰੇ ਦਿਸਦੇ,
ਫਿਰ ਪਰਾਏ ਕ੍ਹੇੜੇ ॥
ਗਮ ਦੁਨੀਆਂ ਦੇ ਭਜਦੇ,
ਹਰ ਪਾਸੇ ਖੇੜੇ ॥
ਬੰਦਾ ਸਦਾ ਲਈ,
ਜਾ ਬਿਰਾਜਦਾ,
ਉਹਦੇ ਚਰਨਾਂ ਨੇੜੇ ॥

ਧਰਮਾਂ ਦੇ ਠੇਕੇਦਾਰਾਂ ਨੇ ਤਾਂ,
ਬਸ ਸਦਾ ਮਾਰੀਆਂ ਚੀਕਾਂ ॥
ਗੁਰਦਵਾਰੇ ਮੰਦਰ ਮਸਜਿਦਾਂ,
ਬਣਾ ਬਸ ਮਾਰੀਆਂ ਲੀਕਾਂ ॥

ਖੂਨ ਬੰਦਿਆਂ ਦਾ ਚੂਸਦੇ,
ਬਸ ਧਰਮਾਂ ਦੇ ਨਾਂ ਤੇ ॥

ਉਹ ਲੱਖਾਂ ਲੋਕ ਮਰਵਾ ਦੇਂਦੇ,
ਬਸ ਸੂਰ ਜਾਂ ਗਾਂ ਤੇ ॥
ਢੋਲ ਢਮੱਕਾ ਸੁਣਿਆ,
ਮੈਂ ਤਾਂ ਹੁਣ ਤੀਕਣ ॥
ਹਾਲੇ ਅਨਹਦ ਨਾਦ ਨਾ ਵਜਿਆ,
ਮੇਰੇ ਕੰਨ ਪਏ ਉਡੀਕਣ ॥
ਸਮਝ ਨਾ ਮੈਨੂੰ ਆਂਵਦੀ,
ਉਹ ਬਜੂ ਕੀਕਣ ॥
'ਭੱਜੀ' ਲਗਦਾ ਲੰਘ ਜਾਵੇਗੀ,
ਇਹ ਉਮਰ ਬਸ ਈਕਣ ॥



## ਚੇਰਾ

ਲੋਕ ਐਵੇ ਤੈਨੂੰ,
ਮੰਦਰਾਂ ਵਿਚ ਭਾਲਣ,
ਹਰ ਥਾਂ ਤੇਰਾ ਡੇਰਾ ਹੈ।

ਤੇਰੇ ਹੁਕਮ ਨਾਲ,
ਇਸ ਦੁਨੀਆਂ 'ਤੇ,
ਹਰ ਕੋਈ ਪਾਉਂਦਾ ਫੇਰਾ ਹੈ।

ਸਭ ਦੇ ਵਿਚ,
ਰੂਹ ਇਕ ਤੇਰੀ,
ਉਹ ਹਿਰਨ, ਹਾਥੀ ਜਾਂ ਬਘੇਰਾ ਹੈ।

ਸਭ ਕੁਛ ਲੈ,
ਬੰਦਾ ਮੰਗੀ ਜਾਵੇ,
ਤੈਂ ਦਿੱਤਾ ਰਿਜ਼ਕ ਬਥੇਰਾ ਹੈ।

ਕਈ ਅੰਨ੍ਹਿਆਂ ਦੇ,
ਪੈਰ ਦੇ ਥੱਲੇ,
ਤੂੰ ਖੁਦ ਹੀ ਦਿੱਤਾ ਬਟੇਰਾ ਹੈ।

ਪਰ ਭੋਲੇ ਬੰਦੇ,
ਇਹ ਕੀ ਜਾਣਨ,
ਇਹ ਤਾਂ ਰੈਣ ਬਸੇਰਾ ਹੈ।

ਰਾਤ ਕੱਟ,
ਸਭ ਨੇ ਤੁਰ ਜਾਣਾ,
ਨਹੀਂ ਲਾਉਣਾ ਕਿਸੇ ਨੇ ਡੇਰਾ ਹੈ।

ਤੇਰਾ ਤੇਰਾ ਤੇਰਾ ਆਖਾਂ,
ਜੋ ਕੁਛ ਭੀ ਦਾਤਾ,
ਇਹ ਸਭ ਤੇਰਾ ਹੈ।

ਮੈਂ ਮੈਂ ਮੈਂ ਦੀ,
ਲੋਕਾਂ ਰੱਟ ਲਾਈ,
ਇਥੇ ਕੁਛ ਨਹੀਂ ਮੇਰਾ ਹੈ।

ਤੂੰਹੀ ਏ,
ਬੱਸ ਮਾਲਿਕ ਮੇਰਾ,
'ਭੱਜੀ' ਤਾਂ ਤੇਰਾ ਚੇਰਾ ਹੈ।







# ਅਰਦਾਸ

ਤੇਰੀ ਭਾਲ ਦੇ ਵਿਚ ਦਾਤਾ
ਚੌਹੀਂ ਖੂੰਟੀ ਮੈਂ ਡਿਗਦਾ ਰਿਹਾ ॥
ਅਣਜਾਣੇ ਰਾਹਾਂ ਦੇ ਉਤੇ
ਤੁਰਦਾ ਰਿਹਾ ਤੇ ਮੈਂ ਡਿਗਦਾ ਰਿਹਾ ॥
ਖਿਆਲਾਂ ਦੇ ਕਈ ਕਿਲੇ ਬਣਾਏ
ਉਹਨਾਂ ਦੇ ਵਿਚ ਮੈਂ ਘਿਰਦਾ ਰਿਹਾ ॥
ਇਹਨਾਂ ਚਕਰਾਂ ਦੇ ਵਿਚ ਹੀ
ਜ਼ਿੰਦਗੀ ਦੀ ਘੜੀ ਦਾ ਰੇਤਾ ਕਿਰਦਾ ਰਿਹਾ ॥

ਹੋਰ ਕਿਸੇ ਦਾ ਡਰ ਨਾ ਮੈਨੂੰ
ਪਰ ਤੇਰੇ ਕੋਲੋਂ ਮੈਂ ਡਰਦਾ ਹਾਂ ॥
ਬੰਦਿਆਂ ਦੀ ਖੁਸ਼ਾਮਦ ਨਾਂ ਕਰਦਾ
ਪਰ ਤੇਰੇ ਦਰ ਦਾ ਪਾਣੀ ਮੈਂ ਭਰਦਾ ਹਾਂ ॥
ਹੋਰ ਕਿਸੇ ਨੂੰ ਇਹ ਸਿਰ ਨਾ ਝੁਕਾਵਾਂ
ਪਰ ਤੇਰੇ ਦਰ ਤੇ ਸਿਜਦੇ ਮੈਂ ਕਰਦਾ ਹਾਂ ॥
ਤੇਰੀ ਮਦਦ ਨਾਲ ਜਿਤਾਂ ਮੈਂ ਜੰਗ ਜ਼ਿੰਦਗੀ ਦੀ
ਤੇਰੀ ਮਦਦ ਬਾਝੋਂ ਮੈਂ ਹਰਦਾ ਹਾਂ ॥
ਪਤਾ ਨਹੀਂ ਤੂੰ ਕਿੱਥੇ ਬੈਠਾ
ਤੇਰੀ ਜੁਦਾਈ ਦੇ ਤੀਰ ਮੈਂ ਜਰਦਾ ਹਾਂ ॥
ਗਮਾਂ ਦੇ ਸਮੁੰਦਰ ਚ ਗੋਤੇ ਖਾਵਾਂ
ਜੇ ਤੂੰ ਹਥ ਫੜੇਂ ਤਾਂ ਮੈਂ ਤਰਦਾ ਹਾਂ ॥
ਬੜੀ ਗਰਮੀ ਏ ਜ਼ਿੰਦਗੀ ਦੇ ਮਾਰੂਥਲ ਵਿਚ
ਜੇ ਤੂੰ ਛਾਂ ਕਰੇ ਤਾਂ ਮੈਂ ਠਰਦਾ ਹਾਂ ॥
ਜਿਉਂ ਪਾਣੀ ਬਾਝੋਂ ਮੱਛੀ ਮਰਦੀ
ਤੈਥੋਂ ਬਿਨਾਂ ਹੁਣ ਮੈਂ ਮਰਦਾ ਹਾਂ ॥

ਭਜ ਭਜ ਮਾਇਆ ਦੇ ਠਗਨੀਰੇ ਪਿਛੋਂ
ਮਾਰੂਥਲਾਂ ਵਿਚ ਮੈਂ ਸੜਦਾ ਹਾਂ ॥
ਮਨ ਮੇਰੇ ਨਾਲ ਜੰਗ ਮੇਰਾ ਲਗਾ
ਹਰ ਰੋਜ਼ ਜੰਗ ਵਿਚ ਮੈਂ ਲੜਦਾ ਹਾਂ ॥
ਲਖਾਂ ਕਰੋੜਾਂ ਕਲੀਆਂ ਵਾਲਾ ਤੇਰਾ ਕੁਦਰਤਾ
ਉਹਦੀ ਇਕ ਕਲੀ ਨੂੰ ਮੈਂ ਅਜ ਫੜਦਾ ਹਾਂ ॥

ਤੇਥੋਂ ਬਾਝੋਂ ਨਾ ਕੋਈ ਸਹਾਰਾ
ਤੇਰਿਆਂ ਰਾਹਾਂ ਤੇ ਪੈਰ ਮੈਂ ਧਰਦਾ ਹਾਂ
ਦੇਖੀ 'ਭੱਜੀ' ਨੂੰ ਕਿਤੇ ਹੁਣ ਛਡ ਨਾ ਜਾਈਂ
ਅਰਦਾਸ ਤੇਰੇ ਕੋਲ ਮੈਂ ਅਜ ਕਰਦਾ ਹਾਂ।



# ਪਾਟੀ ਝੋਲੀ

ਤ੍ਰਿਸ਼ਨਾ ਦੀ ਝੋਲੀ
ਗਲ ਵਿਚ ਮੇਰੇ
ਜਿਹਦਾ ਥੱਲਾ ਪਾਟਾ ॥

ਨਾ ਇਹਦੇ ਵਿਚ
ਟਿਕਦੇ ਪੈਸੇ
ਨਾ ਦਾਣਾ ਨਾ ਆਟਾ ॥

ਇਸ ਝੋਲੀ ਨੂੰ
ਗਲ ਵਿਚ ਪਾ ਕੇ
ਮੈਂ ਮੰਗਣ ਲਈ ਤੁਰਿਆ ॥

ਜਾਵਾਂ ਕਿਸੇ
ਧਨਾਢ ਦੇ ਬੂਹੇ
ਮੈਨੂੰ ਫੁਰਨਾ ਫੁਰਿਆ ॥

ਉਹ ਦਾਤਾ ਹੈ
ਐਡਾ ਚੰਗਾ
ਦਿੰਦਿਆ ਕਦੇ ਨਾ ਥੱਕੇ।
ਜਿੰਨੀ ਵਾਰ
ਤੁਸੀਂ ਚਾਹੇ ਮੰਗੋ
ਉਹ ਕਦੇ ਨਾ ਅੱਕੇ।

ਉਹਦੇ ਅੱਗੇ,
ਇਹ ਝੋਲੀ ਅੱਡਕੇ,
ਮੈ ਮੰਗਾਂ ਹਰ ਸ਼ੈ ਘਰ ਦੀ ॥

'ਭੱਜੀ' ਉਸ ਦਿੱਤੀਆਂ,
ਬੇਅੰਤ ਨੇ ਦਾਤਾਂ,
ਪਰ ਇਹ ਝੋਲੀ ਨਾ ਭਰਦੀ ॥



## ਗੁਆਚੀ ਜ਼ਿੰਦਗੀ

ਰਾਤ ਸੌਂਕੇ ਗੁਆ ਲਈ
ਦਿਨ ਖਾਕੇ ਗੁਆ ਲਿਆ ॥

ਉਹਦੀ ਸੋਹਣੀ ਜੋਤ ਨੂੰ
ਮਿੱਟੀ ਦੇ ਬੁੱਤ 'ਚ ਪਾਕੇ ਗੁਆ ਲਿਆ ॥

ਨਾ ਨਾਂ ਹੀ ਜਪਿਆ, ਨਾ ਬੰਦਗੀ ਕੀਤੀ
ਸਾਰਾ ਜੀਵਨ ਉਹਨੇ ਭੁਲਾਕੇ ਗੁਆ ਲਿਆ ॥

ਵਕਤ ਕੀਮਤੀ ਜੋ ਲਿਆਇਆ ਸੀ ਮੰਗਕੇ
ਇਸ ਦੁਨੀਆਂ ਵਿਚ ਆਕੇ ਗੁਆ ਲਿਆ ॥

ਕੀਤੀ ਕਦਰ ਨਾ 'ਭੱਜੀ' ਤੂੰ ਉਹਦੇ ਪਿਆਰ ਦੀ
ਮੋਹ ਉਹਦੀਆਂ ਦਾਤਾਂ ਨਾਲ ਪਾਕੇ ਗੁਆ ਲਿਆ ॥

## ਕਰਮ

ਪਿਛਲੇ ਜਨਮਾਂ ਦਾ
ਲੇਖਾ ਜੋਖਾ
ਇਸ ਜਨਮ ਵਿਚ ਅਗੇ ਐਣਾ ॥
ਜੋ ਜੋ ਕਿਸੇ ਦੇ
ਕਰਮੀਂ ਲਿਖਿਆ
ਉਹੀ ਉਹੀ ਹੈ ਉਸਨੇ ਪੋਣਾ ॥

ਕਿਸੇ ਦੇ ਕਰਮੀਂ
ਸਦਾ ਮੰਗਣਾ ਲਿਖਿਆ
ਕੋਈ ਜੰਮਦਿਆਂ ਸਾਰ ਹੀ ਰਾਣਾ ॥
ਜਮਕੇ ਧਰਤੀ ਦੀ
ਇਸ ਨੁਕਰ ਤੇ
ਕਿਸੇ ਨੂੰ ਪੈਂਦਾ
ਦੂਜੀ ਨੁਕਰੇ ਜਾਣਾ ॥

ਕੋਈ ਸੌਂ ਜਾਂਦਾ
ਕੰਮ ਕਰਕੇ ਭੁਖਾ
ਨਹੀਂ ਉਹਦੀ ਕਿਸਮਤ ਵਿਚ
ਢਿੱਡ ਭਰਕੇ ਖਾਣਾ ॥
ਬੰਦਾ ਸੋਚੇ
ਕੀ ਸੋਚਿਆਂ ਬਣਦਾ
ਹੋਣਾ ਉਹ ਹੀ
ਜੋ ਉਹਨੂੰ ਭਾਣਾ ॥
ਕਿਸੇ ਗਲ ਦਾ ਭੀ
ਮਾਣ ਨਾ ਮੈਨੂੰ
ਬਸ ਦਾਤਾ ਤੂੰ ਹੀ ਮੇਰਾ ਮਾਣਾ ॥



ਹਰ ਇਕ
ਤੇਰੇ ਕੋਲੋਂ ਮੰਗੇ
ਦੁਧ ਪੁਤ ਤੇ ਘੋੜੀ ॥
ਕਿਸੇ ਦੇ ਅੱਗੇ
ਇਕ ਪੁਤ ਹੈ
ਉਹ ਮੰਗਦਾ ਹੈ ਤੈਥੋਂ ਜੋੜੀ ॥
ਹਰ ਕੋਈ
ਮਿਠੇ ਮੇਵੇ ਮੰਗਦਾ
ਨਾ ਕੋਈ ਮੰਗੇ ਛੇ ਕੋੜੀ ॥

ਪਰ ਭੁੱਲਕੇ ਦਾਤੇ ਨੂੰ
ਬੰਦਾ ਮਾਰੇ
ਭਜ ਭਜ ਉਹਦੀਆਂ ਦਾਤਾਂ ਨੂੰ ਜੱਫੇ ॥

ਬੰਦਾ ਕਦੇ ਭੀ
ਨਾਂਹ ਨਾ ਕਰਦਾ
ਭਾਵੇਂ ਕਿਨੇ ਮਿਲੀ ਜਾਣ ਗੱਫੇ ॥

ਹਰ ਕੋਈ ਮੰਗਦਾ
ਝੂਠੇ ਸੁਖ ਦੁਨੀਆਂ ਦੇ
ਤੇ ਮੰਗੇ ਨਾਗਣ ਮਾਇਆ
ਜਿਸ ਆਖਿਰ ਡੰਗ ਚਲਾਣਾ ॥
ਪਰ ਬਿਨਾਂ ਨਾਮ ਤੋਂ
ਕੁਛ ਨਾਲ ਨਾ ਜਾਂਦਾ
ਜੋ ਜਿਸਦਾ ਹੈ
ਸਭ ਇਥੇ ਰਹਿ ਜਾਣਾ ॥
'ਭੱਜੀ' ਜਪ ਲੈ ਨਾਮ
ਜਿੰਨਾ ਤੈਥੋਂ ਜਪ ਹੈ ਹੁੰਦਾ
ਤੇ ਮੰਨ ਸਦਾ
ਤੂੰ ਉਸ ਰੱਬ ਦਾ ਭਾਣਾ ॥

# ਤਰਲੇ

ਐ ਮੇਰੇ ਸਾਈਆਂ ॥
ਮੈਂ ਦਰ ਤੇਰੇ ਆਇਆ ॥

ਐ ਦੋ ਜਗ ਦੇ ਵਾਲੀ ॥
ਤੇਰੇ ਦਰ ਖੜਾ ਸਵਾਲੀ ॥
ਹੱਥ ਵਿਚ ਹੈ ਠੂਠਾ ਖਾਲੀ ॥

ਪੁਛਦਾ ਇਹ ਭਿਖਾਰੀ ॥
ਕਦ ਆਊ ਵਾਰੀ ॥

ਦੇਖੀਂ ਖਾਲੀ ਨਾ ਮੋੜੀ ॥
ਦੇਖੀਂ ਦਿਲ ਨਾ ਤੋੜੀ ॥

ਕੀਤੀਆਂ ਲਖਾਂ ਠਗੀਆਂ ॥
ਪਰ ਉਹ ਸਿਰੇ ਨਾ ਲਗੀਆਂ ॥

ਕੀਤੇ ਜਤਨ ਬਥੇਰੇ ॥
ਨਾ ਚੱਲੇ ਅਗੇ ਤੇਰੇ ॥

ਬਦਲੇ ਕਈ ਭੇਸ ॥
ਫਿਰਿਆ ਕਈ ਦੇਸ ॥

ਲੜ ਤਕਦੀਰ ਦਾ ਫੜਿਆ ॥
ਉਹ ਸਿਰੇ ਨਾ ਚੜਿਆ ॥

ਚੰਗਾ ਵਕਤ ਜਦ ਆਇਆ ॥
ਤਕਦੀਰ ਪੱਲਾ ਛੁਡਾਇਆ ॥



ਤੇਰੇ ਹੱਥ ਡੋਰ ॥
ਨਾ ਚਲੇ ਜੋਰ ॥

ਜੇ ਤੁਧ ਨੂੰ ਭਾਵੇ ॥
ਜੇ ਤੇਰੇ ਚਿਤ ਆਵੇ ॥
ਤੂੰ ਉਹ ਹੀ ਕਰਾਵੇਂ ॥
ਘੁੰਮਣ ਘੇਰਿਆਂ ਚ ਪਾਵੇਂ ॥

ਮੈਂ ਐਵੇਂ ਸੋਚਾਂ ॥
ਦਿਲ ਆਪਣੇ ਨੂੰ ਨੋਚਾਂ ॥

ਮੈਨੂੰ ਫਿਕਰ ਸਤਾਵੇ ॥
ਮੈਨੂੰ ਨੀਂਦ ਨਾ ਆਵੇ ॥
ਸਿਰ ਚੱਕਰ ਖਾਵੇ ॥
ਮੇਰਾ ਦਿਲ ਘਬਰਾਵੇ ॥

ਮੇਰੇ ਬੱਸ ਨਾ ਕੋਈ ॥
ਤੂੰ ਕਰੇਂ ਸੋ ਹੋਈ ॥

ਮੈਨੂੰ ਚੜ੍ਹਦੇ ਦਾ ਫੁਰਿਆ
ਤੂੰ ਪੱਛਮੇ ਲੈ ਤੁਰਿਆ ॥
ਸਿਰ ਟੋਕਰਾ ਜੋ
ਅਕਲ ਦਾ ਹੈ ਧਰਿਆ ॥
ਉਹ ਕੂੜੇ ਨਾਲ ਹੈ ਭਰਿਆ ॥
ਸਿਰ ਚੁਕ ਨਾ ਜਾਵੇ ਤੁਰਿਆ
ਇਹ ਟੋਕਰਾ ਭਾਰਾ ॥
ਵਿਚ ਗੁੱਸੇ ਦਾ ਪਾਰਾ ॥

ਚਾਹਵਾਂ ਖਾਲੀ ਕਰਨਾ ॥
ਚਾਹਵਾਂ ਸੱਚ ਨਾਲ ਭਰਨਾ ॥
ਚਾਹਵਾਂ ਸਾਗਰ ਤਰਨਾ ॥
ਚਾਹਵਾਂ ਕਦੇ ਨਾ ਮਰਨਾ ॥

ਮੇਰੀਆਂ ਸਭ ਚਤੁਰਾਈਆਂ ॥
ਕਿਸੇ ਕੰਮ ਨਾ ਆਈਆਂ ॥

ਦਰ ਤੇਰੇ ਆਇਆ ॥
ਆ ਅਲਖ ਜਗਾਇਆ ॥

ਮੈਂ ਤੇਰਾ ਦਾਸ ॥
ਹੱਥ ਜੋੜ ਕਰਾਂ ਅਰਦਾਸ ॥
ਨਾ ਕਰੀਂ ਨਿਰਾਸ ॥
ਪੂਰੀ ਕਰੀਂ ਮੇਰੀ ਆਸ ॥

ਤੂੰ ਏ ਵਡਸੂਰਾ ॥
ਤੂੰ ਪੁਰਸ਼ੋਤਮ ਪੂਰਾ ॥
ਮੈਂ ਇਨਸਾਨ ਅਧੂਰਾ ॥
ਚਾਹੇ ਕਾਲਾ ਜਾਂ ਭੂਰਾ ॥

ਇਹਸਾਨ ਹੋਰ ਕਰ ਦੇ ॥
ਮੇਰਾ ਠੂਠਾ ਭਰ ਦੇ ॥

ਮੈਨੂੰ ਭਗਤੀ ਦੇ ਦੇ ॥
ਮੈਨੂੰ ਸ਼ਕਤੀ ਦੇ ਦੇ ॥

ਮੈਂ ਕਦੇ ਨਾ ਡੋਲਾਂ ॥
ਕੋੜੇ ਬੋਲ ਨਾ ਬੋਲਾਂ ॥
ਨਾ ਐਵੇਂ ਮੂੰਹ ਖੋਲ੍ਹਾਂ ॥
ਕਿਸੇ ਦੇ ਔਗਣ ਨਾ ਫੋਲਾਂ ॥

ਨਾ ਕਿਸੇ ਦਾ ਦਿਲ ਦੁਖਾਵਾਂ ॥
ਨਾ ਕਿਸੇ ਨੂੰ ਸਤਾਵਾਂ ॥
ਰੁਵਾਂ ਵਾਂਗ ਭਰਾਵਾਂ ॥
ਨਾ ਕਿਸੇ ਨੂੰ ਡਰਾਵਾਂ ॥
ਜੇ ਮੈਂ ਤਾਕਤ ਪਾਵਾਂ ॥
ਨਾ ਐਵੇਂ ਅਜ਼ਮਾਵਾਂ ॥





ਮੈਂ ਹਾਂ ਇਕ ਨਿਮਾਣਾ ॥
ਤੂੰ ਏ ਮੇਰਾ ਤਾਣਾ ॥
ਤੂੰ ਏ ਮੇਰਾ ਮਾਣਾ ॥
ਮੰਨਾ ਤੇਰਾ ਭਾਣਾ ॥

ਗੁਣ ਤੇਰੇ ਗਾਵਾਂ ॥
ਤੈਥੋ ਸਦਕੇ ਜਾਵਾਂ ॥

ਤੂੰ ਦੇਵੇਂ ਲਖ ਸੁਗਾਤਾਂ ॥
ਕਿਆ ਤੇਰੀਆਂ ਬਾਤਾਂ ॥

ਇਹ ਸਭ ਪਹਾੜ ਤੇ ਨਦੀਆਂ ॥
ਹੋ ਗਈਆਂ ਸਦੀਆਂ ॥

ਇਹ ਉਂਜ ਹੀ ਵਗਦੇ ॥
ਚੰਦ ਸੂਰਜ ਮਘਦੇ ॥
ਕੰਮ ਔਣ ਇਹ ਜੱਗ ਦੇ ॥
ਨਿਤ ਨਵੇਂ ਇਹ ਲਗਦੇ ॥

ਇਹ ਹਵਾ ਅੱਗ ਤੇ ਪਾਣੀ ॥
ਬਾਬੇ ਆਦਮ ਦੀ ਕਹਾਣੀ ॥
ਲਖਾਂ ਰਾਜੇ ਤੇ ਰਾਣੀ ॥

ਜੋ ਹੁਣ ਤਕ ਨੇ ਹੋਏ ॥
ਲਖਾਂ ਜੰਮੇ ਤੇ ਮੋਏ ॥

ਜੇ ਇੰਜ ਮੈਂ ਆਖਾਂ ॥
ਸਭ ਤੇਰੀਆਂ ਸ਼ਾਖਾਂ ॥

ਤੇਰ ਗੁਣ ਕਹਿ ਨਾ ਸਕਾਂ ॥
ਮੈਂ ਕਹਿੰਦਾ ਕਹਿੰਦਾ ਥੱਕਾਂ ॥

ਮੇਰੀ ਇਹ ਕਲਮ ਨਿਮਾਣੀ ॥

ਲੈ ਸਮੁੰਦਰਾਂ ਦਾ ਪਾਣੀ ॥
ਜੇ ਉਹਦੀ ਸਾਹੀ ਬਣਾ ਲੈ ॥
ਤੇ ਆਪਣੀ ਜੀਭ ਨੂੰ ਲਾ ਲੈ ॥

ਇਹ ਲਿਖਦੀ ਲਿਖਦੀ ਥੱਕ ਜਾਊ ॥
ਇਹ ਲਿਖਦੀ ਲਿਖਦੀ ਅੱਕ ਜਾਊ ॥

ਫਿਰ ਭੀ ਲਿਖੀ ਨਾ ਜਾਣੀ ॥
ਤੇਰੀ ਲੰਮੀ ਕਹਾਣੀ ॥

ਤੂੰ ਜੋ ਕਰੇਂ ਸੋ ਹੋਈ ॥
ਤੇਰੇ ਜਿਹਾ ਨਾ ਕੋਈ ॥
ਹੋਰ ਦੇਵੇ ਨਾ ਢੋਈ ॥
ਸੁਣ ਮੇਰੀ ਅਰਜੋਈ ॥

ਔਖਾ ਰਾਹ ਜਦ ਆਇਆ ॥
ਤੂੰ ਚੁਕ ਗੋਦ ਲੰਘਾਇਆ ॥
ਜਦ ਧੁਪਾਂ ਨੇ ਸਤਾਇਆ ॥
ਤੂੰ ਖੁਦ ਕੀਤੀ ਛਾਇਆ ॥

ਫਿਰਦੇ ਨੇ ਮਰੂਥਲ ਵਿਚ ॥
ਫਸੇ ਨੇ ਦਲਦਲ ਦੇ ਵਿਚ ॥
ਹਰ ਇਕ ਮੁਸ਼ਕਿਲ ਦੇ ਵਿਚ ॥

ਜਦ ਭੀ ਤੈਨੂੰ ਯਾਦ ਕੀਤਾ ਮੈਂ ॥
ਜਦ ਭੀ ਫਰਿਆਦ ਕੀਤਾ ਮੈਂ ॥
ਤੂੰ ਉਸ ਵੇਲੇ ਆਇਆ ॥
ਮੈਨੂੰ ਸਿਰੇ ਤੂੰ ਲਾਇਆ ॥

ਜਦ ਸੋਖੀ ਘੜੀ ਕੋਈ ਆਈ ॥
ਤੈਥੋਂ ਮੈਂ ਬਾਂਹ ਛੁਡਾਈ ॥
ਤੇਰੀ ਮੈਂ ਯਾਦ ਭੁਲਾਈ ॥
ਮੇਰੇ ਵਿਚ 'ਮੈਂ' ਫਿਰ ਆਈ ॥



ਐਸ਼ਾਂ ਵਿਚ ਚੁਭੀ ਲਾਈ ॥
ਤੈਥੋਂ ਵਿਥ ਮੈਂ ਪਾਈ ॥

ਮੇਲੇ ਵਿਚ ਗੁਆਚ ਗਿਆ ਮੈਂ ॥
ਧੇਲੇ ਲੈ ਗੁਆਚ ਗਿਆ ਮੈਂ ॥

ਮੋਹ ਮਾਇਆ ਨਾਲ ਪਾਇਆ ॥
ਉਸ ਮੈਨੂੰ ਜਾਲ ਫਸਾਇਆ ॥
ਤੈਂ ਜਦ ਉਸ ਮੈਨੂੰ ਤੜਫਾਇਆ ॥
ਯਾਦ ਫਿਰ ਤੂੰ ਆਇਆ ॥

ਹਰ ਗੁਨਾਹ ਮੈਂ ਕਰਿਆ ॥
ਮੈਂ ਲਖਾਂ ਐਬਾਂ ਭਰਿਆ ॥
ਮੈਂ ਜੀਵਾਂ ਡਰਿਆ ਡਰਿਆ ॥
ਅਗੇ ਡੂੰਘਾ ਭਵਜਲ ਦਰਿਆ ॥

ਮੇਰੇ ਜੇ ਐਬ ਤੂੰ ਦੇਖੇਂ ॥
ਕਰਨ ਲਗ ਪਵੇ ਜੇ ਲੇਖੇ ॥

ਫੇਰ ਨਾ ਤੂੰ ਆਵੇਂ ਨੇੜੇ ॥
ਮਾਰਾਂ ਭਾਵਾਂ ਮੈਂ ਲਖਾਂ ਗੇੜੇ ॥

ਮੈਂ ਚਲਿਆ ਨਾ ਤੇਰੇ ਰਾਹੀਂ ॥
ਫੇਰ ਭੀ ਨਾ ਤੂੰ ਛਡੀ ਬਾਹੀਂ ॥

ਦੇਖੀ ਦੇਵੀ ਨਾ ਧੱਕੇ ॥
ਫੇਰੀ ਹਰਦਵਾਰ ਨਾ ਮੱਕੇ ॥
ਰਿਹਾ ਜ਼ਿੱਦ ਤੇ ਅੜਿਆ ॥
ਰਾਹ ਕੋਈ ਹੋਰ ਨਾ ਫੜਿਆ ॥

ਮੈਥੋਂ ਨਾ ਹੁੰਦੀ ਪੂਜਾ ॥
ਪਰ ਨਹੀਂ ਕੋਈ ਹੋਰ ਹੈ ਦੂਜਾ ॥

ਨਾ ਕਿਸੇ ਹੋਰ ਤੋਂ ਮੰਗਾਂ ॥
ਤੈਥੋਂ ਮੰਗਦਾ ਨਾ ਸੰਗਾਂ ॥

ਮੈਂ ਕਰਨੀ ਤੇ ਸ਼ਰਮਿੰਦਾ ॥
ਤੂੰ ਤਾਂ ਏ ਬਖਸ਼ਿੰਦਾ ॥

ਮੈਨੂੰ ਮਾਫ ਤੂੰ ਕਰ ਦੇ ॥
ਇਨਸਾਫ ਤੂੰ ਕਰ ਦੇ ॥

ਬਾਂਹ ਐਸੀ ਪਕੜੀ ॥
ਬਾਂਹ ਐਸੀ ਜਕੜੀ ॥

ਤੈਥੋਂ ਦੂਰ ਨਾ ਹੋਵਾਂ ॥
ਤੁਧ ਬਾਝੋਂ ਰੋਵਾਂ ॥

'ਭੱਜੀ' ਭਾਵੇਂ ਕਿੰਨਾ ਗੰਦਾ ॥
ਪਰ ਹੈ ਤਾਂ ਤੇਰਾ ਬੰਦਾ ॥
ਰਿਹਾ ਹੁਣ ਤਾਈਂ ਤੂੰ ਦਿੰਦਾ ॥
ਐ ਮੇਰੇ ਬਖਸ਼ਿੰਦਾ ॥

ਸ਼ਾਇਦ ਸੁਣ ਮੇਰੇ ਤਰਲੇ
ਨਜ਼ਰ ਮੇਰੇ ਵਲ ਕਰ ਲੈ ॥

ਤੂੰ ਮੈਨੂੰ ਅਪਨਾ ਲੈ ॥
ਤੂੰ ਆਪਣੇ ਚਰਨੀਂ ਲਾ ਲੈ ॥



## ਅਰਜੋਈ

'ਸਭ ਹੀ ਤੈਥੋਂ ਮੰਗਦੇ,
ਨਿੱਤ ਕਰ ਅਰਦਾਸ ॥'
ਤੇਰੇ ਦਰ ਮੈਂ ਆਇਆ ਹਾਂ,
ਲੈ ਦਿਲ ਦੇ ਵਿਚ ਇਕ ਆਸ ॥

ਪਤਾ ਨਹੀਂ ਜੋ ਕਰ ਰਿਹਾਂ,
ਇਹ ਚੰਗਾ ਜਾਂ ਮੰਦਾ ॥
ਨਾਂ ਤੇਰਾ ਕਦੇ ਨਾ ਜਪਿਆ,
ਨਿੱਤ ਕਰਦਾ ਰਿਹਾ ਧੰਦਾ ॥
ਬਾਹਰੋਂ ਭਾਵੇਂ ਸਾਫ਼ ਹਾਂ,
ਪਰ ਅੰਦਰੋਂ ਹਾਂ ਗੰਦਾ ॥
ਮੈਂ ਪਾਪੀ ਹਾਂ, ਗੁਨਾਹਗਾਰ ਹਾਂ,
ਇਕ ਦੁਨਿਆਵੀ ਬੰਦਾ ॥

ਮੰਗ ਮੇਰੀ ਭੀ ਸਭ ਵਾਂਗਰਾਂ,
ਨਹੀਂ ਹੈ ਕੋਈ ਖਾਸ ॥
ਮੇਹਰ ਕਰੀਂ, ਤੂੰ ਸਾਈਆਂ,
ਨਾ ਕਰੀਂ ਨਿਰਾਸ ॥
ਹੱਥ ਰਖੀਂ ਸਿਰ ਮੈਂਢੜੇ,
ਨੇੜੇ ਆਉਣ ਨਾ ਦੁੱਖ ॥
ਜਿਵੇਂ ਬਾਕੀ ਸਭ ਨੇ ਮੰਗਦੇ,
ਮੇਰੀ ਝੋਲੀ ਪਾ ਦੇ ਸੁੱਖ ॥
ਮੈਨੂੰ ਨਾਮ ਦੇ ਸੰਤੋਖੀਆ,
ਮੈਨੂੰ ਰਹੇ ਕੋਈ ਨਾ ਭੁੱਖ ॥
ਦੇਖੀਂ ਕਿਤੇ ਮੂੰਹ ਨਾ ਫੇਰ ਲਈਂ,
ਰੱਖੀਂ 'ਭੱਜੀ' ਵੱਲ ਸਦਾ ਮੁੱਖ ॥

# ਤੇਰੀ ਦੁਨੀਆਂ

ਐ ਬਾਬਾ ਤੇਰੀ ਦੁਨੀਆਂ ਅੰਦਰ
ਇਹ ਹੈ ਕੀ ਹੋ ਰਿਹਾ ॥
ਕਿਸੇ ਨੂੰ ਜੰਮਣ ਤੇ ਮਿਲਣ ਵਧਾਈਆਂ,
ਕੋਈ ਮੋਇਆਂ ਨੂੰ ਹੈ ਰੋ ਰਿਹਾ ॥
ਕਿਸੇ ਦੇ ਬੁੱਲ੍ਹੀਂ ਖਿੜ ਖਿੜ ਹਾਸਾ,
ਕੋਈ ਨੀਰ ਅੱਖਾਂ 'ਚੋਂ ਚੋਅ ਰਿਹਾ ॥
ਕਿਸੇ ਨੂੰ ਮਹਿਲੀਂ ਨੀਂਦ ਨਾ ਆਵੇ,
ਕੋਈ ਰੋੜਾਂ ਉਤੇ ਸੌਂ ਰਿਹਾ ॥

ਕੋਈ ਹੈ ਸੱਜ-ਧੱਜ ਕੇ ਬੈਠੀ,
ਬਰਾਤ ਕਿਸੇ ਦੀ ਆ ਰਹੀ ॥
ਕੋਈ ਬੈਠੀ ਖੋਲ੍ਹ ਕੇ ਪੱਟੀਆਂ,
ਅਰਥੀ ਕਿਸੇ ਦੀ ਜਾ ਰਹੀ ॥

ਕੋਈ ਸੌਂ ਜਾਂਦਾ ਢਿਡੋਂ ਭੁੱਖਾ,
ਕੋਈ ਪਕਵਾਨ ਹੈ ਖਾ ਰਿਹਾ ॥
ਜਿਵੇਂ ਜਿਵੇਂ ਉਹਦਾ ਢਿੱਡ ਭਰਦਾ,
ਉਹ ਤੈਨੂੰ ਭੁੱਲਦਾ ਜਾ ਰਿਹਾ ॥
ਕੋਈ ਹੋ ਕੇ ਤੈਥੋਂ ਜੁਦਾ,
ਗੀਤ ਬਿਰਹੋਂ ਦੇ ਗਾ ਰਿਹਾ ॥
ਤੇਰੇ ਦਰਸ਼ਨ ਕਰਨ ਦੇ ਲਈ,
ਦਿਨ-ਰਾਤ ਤਰਲੇ ਪਾ ਰਿਹਾ ॥

ਕੋਈ ਐਸੀ ਜਿਹਦੀ ਸ਼ਕਲ ਨਾ ਸੂਰਤ,
ਬਣਾ ਜ਼ੁਲਫ਼ਾਂ ਉਹ ਲਟਕਾ ਰਹੀ ॥
ਥੱਪ ਕੇ ਮੂੰਹ ਤੇ ਮਣ ਪੱਕਾ ਪਾਊਡਰ,
ਅੱਖਾਂ ਨੂੰ ਮਟਕਾ ਰਹੀ ॥



ਕੋਈ ਵਿਚਾਰੀ ਪਾਟੇ ਕੱਪੜਿਆਂ 'ਚ,
ਹੁਸਨ ਨੂੰ ਹੈ ਲੁਕਾ ਰਹੀ ॥
ਹੁਸਨ ਉਹਦਾ ਜਦ ਝਾਤੀਆਂ ਮਾਰੇ,
ਉਹ ਅੱਖੀਆਂ ਨੂੰ ਹੈ ਝੁਕਾ ਰਹੀ ॥

ਕੋਈ ਇਥੇ ਅੰਨ ਖਾ-ਖਾ ਏਨਾ,
ਢਿੱਡ ਨੂੰ ਵਧਾਈ ਜਾ ਰਿਹਾ ॥
ਕੋਈ ਆਪਣਾ ਢਿੱਡ ਭਰਨ ਲਈ,
ਕੁੱਤਿਆਂ ਤੋਂ ਖੋਹ ਕੇ ਖਾ ਰਿਹਾ ॥

ਕਈ ਘਰਾਂ ਵਿਚ ਦਰਜਨ ਬੱਚਿਆਂ ਦੀ,
ਪਰ ਹੁੰਦੀ ਦੇਖ-ਭਾਲ ਨਹੀਂ ॥
ਕਈ ਘਰਾਂ ਵਿਚ ਤੂੰ ਸਭ ਕੁਝ ਦਿੱਤਾ,
ਪਰ ਦਿਸਦਾ ਕੋਈ ਬਾਲ ਨਹੀਂ ॥

ਕਈ ਜਗ੍ਹਾ ਵਿਚ ਉੱਚੇ ਟਿੱਬੇ,
ਪਾਣੀ ਦਾ ਕੋਈ ਨਾਂ ਨਹੀਂ।
ਕਈ ਜਗ੍ਹਾ ਪਾਣੀ ਹੀ ਪਾਣੀ,
ਕੋਈ ਦਿਸਦੀ ਸੁੱਕੀ ਥਾਂ ਨਹੀਂ ॥

ਘਰ ਤੇਰੇ ਵਿਚ ਹਰ ਸ਼ੈਅ ਹੈ ਬਾਬਾ,
ਨਹੀਂ ਦਿੱਸਦਾ ਕਿਸੇ ਚੀਜ਼ ਦਾ ਘਾਟਾ ॥
ਭਰ ਦੇਂਦਾ ਜਿਹਦੀ ਝੋਲੀ ਚਾਹੇ,
ਮੋੜ ਦੇਂਦਾ ਕਈਆਂ ਦਾ ਖਾਲੀ ਬਾਟਾ ॥

ਪਾਈ ਜਾਵੇਂ ਤੂੰ ਕਿਸੇ ਨੂੰ ਵਿਛੋੜੇ,
ਕਿਤੇ ਵਿਛੜਿਆਂ ਨੂੰ ਤੂੰ ਮੇਲ ਰਿਹਾ ਏਂ ॥
ਤੇਰੀ ਦੁਨੀਆਂ ਦੀ ਸਮਝ ਨਾ ਆਉਂਦੀ 'ਭੱਜੀ' ਨੂੰ
ਨਿੱਤ ਨਵਾਂ ਖੇਲ੍ਹ ਕੋਈ ਖੇਲ੍ਹ ਰਿਹਾ ਏਂ ॥

## ਹੈਸੀਅਤ

ਐ ਬੰਦੇ
ਤੈਨੂੰ ਪਤਾ
ਤੇਰੀ ਕੀ ਹੈਸੀਅਤ ਹੈ ॥
ਤੈਨੂੰ ਪਤਾ ਹੈ
ਜਿੰਦਗੀ ਝੂਠ ਹੈ
ਤੇ ਮੌਤ ਹਕੀਕਤ ਹੈ ॥

ਮਿੱਟੀ ਤੋਂ
ਉਸ ਘੜ ਕੇ ਤੈਨੂੰ
ਫੂਕ ਜਦੋਂ ਉਸ ਮਾਰੀ ॥
ਤੂੰ 'ਮੈਂ' ਆਪਣੀ ਦਾ
ਹਥ ਫੜਕੇ ਡੰਡਾ
ਅਗੇ ਲਾ ਲਈ ਖਲਕਤ ਸਾਰੀ ॥

ਜੋ ਕੁਛ ਭੀ ਹੈ
ਵਿਚ ਤੇਰੇ ਲਗਾ
ਜੇ ਤੂ ਵੇਚੇਂ ਹੱਟੀ ॥
ਇਹਦੀ ਕੀਮਤ
ਘਟ ਪੰਜ ਡਾਲਰ ਤੋਂ
ਨਹੀਂ ਬਹੁਤੀ ਹੋਣੀ ਖੱਟੀ ॥

ਭੁਲਕੇ ਤੂੰ ਉਸ ਕਰਤੇ ਨੂੰ
ਉਹਦੀਆਂ ਕਿਰਤਾਂ ਉਤੇ ਡੁਲ ਗਿਆ ॥
ਕਾਹਦੇ ਲਈ
ਤੂੰ ਇਸ ਜਗ ਤੇ ਆਇਆ



ਇਹ ਗਲ ਤਾਂ
ਤੂੰ ਜੰਮਦਿਆ ਹੀ ਭੁਲ ਗਿਆ ॥

ਯਾਦ ਰਖ
ਹਰ ਇਕ ਦੇ ਵਾਂਗੂ
ਤੂੰ ਭੀ ਇਹ ਸਫਰ ਤੈ ਕਰਨਾ ਹੈ ॥
ਮਰ ਗਏ ਨੇ
ਜਿਊਂ ਮਾਂ ਪਿਉ ਤੇਰੇ
ਤੂੰ ਭੀ ਉਂਜ ਹੀ
ਇਕ ਦਿਨ ਮਰਨਾ ਹੈ ॥

ਉਸ ਦਿਨ
ਤੇਰੇ ਧੀਆਂ ਤੇ ਪੁਤ੍ਰ
ਝਟ ਤੈਨੂੰ
ਮੰਜੇ ਤੋਂ ਥਲੇ ਲਾਹ ਦੇਣਗੇ ॥
ਤੇਰੇ ਗਲੋਂ
ਰੇਸ਼ਮੀ ਪੁਸ਼ਾਕਾਂ ਲਾਹ ਕੇ
ਚਿੱਟੇ ਖਦਰ ਦੇ ਕਪੜੇ ਪਾ ਦੇਣਗੇ ॥

ਕਿਤੇ
ਤੇਰੀ ਜੇਬ ਵਿਚ
ਕੋਈ ਕੀਮਤੀ ਚੀਜ਼ ਨਾ ਚਲੀ ਜਾਵੇ
ਉਹ ਤੇਰੀਆਂ ਜੇਬਾਂ ਫਰੋਲਣਗੇ ॥
ਕੀਹਦੇ ਲਈ
ਤੂੰ ਕੀ ਕੀ ਛਡ ਗਿਆ
ਉਹ ਤੇਰੀ ਵਸੀਅਤ ਟੋਹਲਣਗੇ ॥

ਲਾਹ ਲੈਣਗੇ
ਤੇਰੇ ਗਲ ਚੋਂ ਮਾਲਾ
ਤੇ ਹਥ ਤੇਰੇ ਚੋਂ ਮੁੰਦੀ ॥
ਇਕ ਨੋਂਹ ਆਖੇਗੀ
ਇਸ ਤੇ ਹੱਕ ਮੇਰਾ
ਦੂਜੀ ਆਖੇਗੀ

ਤੂੰ ਕੌਣ ਹੈਂ ਹੁੰਦੀ ॥

ਔਰਤ ਤੇਰੀ
ਜੋ ਰਾਤ ਨੂੰ
ਤੇਰੇ ਨਾਲ ਸੀ ਲਗ ਲਗ ਸੌਂਦੀ ॥
ਖੜੀ ਰਹੇਗੀ
ਉਹ ਪਿੰਡ ਦੀ ਜੂਹ ਤੇ
ਕਮਲਿਆਂ ਦੇ ਵਾਂਗੂ ਰੋਂਦੀ ॥

ਧਨ ਤੇਰੇ ਨੂੰ
ਵੰਡ ਹੈ ਲੈਣਾ
ਤੇਰੇ ਇਸ ਘਰਦਿਆਂ ਜੀਆਂ ॥
ਗਿਰਝਾਂ ਵਾਂਗੂ
ਉਹਨਾਂ ਨੇ ਲੜਣਾ
ਤੇਰੇ ਪਿਛੇ ਪੁਤਾਂ ਤੇ ਧੀਆਂ ॥

ਪਾਪਾਂ ਨਾਲ
ਜੋ ਕੀਤੀ ਇਕੱਠੀ
ਉਸ ਮਾਇਆ ਨੇ ਨਾਲ ਨਾ ਜਾਣਾ ॥
ਪਰ ਆਪਣੇ
ਚੰਗੇ ਮੰਦੇ ਕਰਮਾਂ ਦਾ ਖਟਿਆ
ਤੂੰ ਹੈ ਅਗੇ ਜਾਕੇ ਖਾਣਾ ॥

ਲਪੇਟ ਕੇ ਤੈਨੂੰ
ਦੋ ਗਜ਼ ਖੱਦਰ ਦੇ ਵਿਚ
ਸਿਵਿਆਂ ਦੇ ਵਿਚ ਲੈ ਜਾਣਗੇ ॥
ਤੇਰੇ ਪੁਤ
ਧਰ ਤੇਰਾ ਸੀਸ ਲੱਕੜ ਤੇ
ਅਪਣੇ ਹਥੀਂ ਲਾਂਬੂ ਲਾਣਗੇ ॥

ਲਕੜਾਂ ਤੇ
ਲਗੀਆਂ ਖੁੰਗੀਆਂ ਨੇ
ਤੇਰੇ ਤਨ ਦੇ ਕਪੜੇ ਪਾੜਨੇ ॥



ਰਹਿੰਦੇ ਖੂੰਹਦੇ
ਝਟ ਅੱਗ ਨੇ
ਸਭ ਤੋਂ ਪਹਿਲਾਂ ਉਹੀ ਸਾੜਨੇ ॥

ਅੱਗ ਆਖੇ
ਤੂੰ ਗਲ ਸੁਣ ਮੇਰੀ
ਇਸ ਜਗ ਦੇ ਉੱਤੇ ਜਾਂਦਿਆ ਬਲਿਆ ॥
ਆਇਆ ਸੀ
ਤੂੰ ਐਥੇ ਨੰਗਾ
ਹੁਣ ਕਪੜੇ ਲੈਕੇ ਕਿਥੇ ਚਲਿਆ ॥

ਲਕੜਾਂ ਵਾਂਗੂ
ਸੜ ਜਾਣ ਗੀਆਂ ਹੱਡੀਆਂ
ਘਾਹ ਦੇ ਵਾਂਗੂੰ ਬਾਲ ॥
ਸਭ ਰਿਸ਼ਤੇਦਾਰ
ਰਹਿ ਜਾਂਦੇ ਨੇ ਏਥੇ
ਕੋਈ ਨਹੀਂ ਤੁਰਦਾ ਨਾਲ ॥

ਅੱਗੇ ਕਹਿੰਦੇ
ਪੈਂਡਾ ਹੈ ਔਖਾ
ਬੜੀ ਲੰਮੀ ਹੈ
ਗਮ ਦੀ ਸ਼ਾਮ ॥
ਹੋਰ ਕੋਈ ਨਾ
ਉਥੇ ਹੁੰਦਾ ਸਹਾਈ
ਮਦਦ ਕਰਦਾ
ਸਿਰਫ਼ 'ਉਹਦਾ' ਨਾਮ ॥

ਜਿਥੇ ਸਾਡਾ
ਅੱਜ ਕੋਈ ਵੀਰ ਗਿਆ ਹੈ
ਅਸੀਂ ਭੀ ਉਥੇ ਜਾਣਾ ॥
ਐਵੇਂ ਕਰ ਨਾ
ਮਾਣ ਤੂੰ ਬੰਦੇ
ਬਣਕੇ ਰਹਿ ਨਿਮਾਣਾ ॥

ਪੰਜ ਤਤ
ਖਿੱਲਰ ਨੇ ਜਾਂਦੇ
ਜਦੋਂ ਇਸ ਪੁਤਲੇ ਚੋਂ
ਨਿਕਲ ਜਾਂਦੀ ਹਵਾ ॥
'ਭੱਜੀ' ਚੇਤੇ ਰਖ
ਆਪਣੇ ਸਿਰਜਣਹਾਰੇ ਨੂੰ
ਐਵੇਂ ਨਾ ਆਪਣਾ ਜੀਵਨ ਗਵਾ ॥





# ਮੌਤ ਦਾ ਖੂਹ

ਇਹ ਜਿੰਦ ਮੇਰੀ
ਬੈਠ ਤਨ ਦੀ ਪੀੜੀ
ਮੌਤ ਦੇ ਖੂਹ ਲਟਕੀ ਹੋਈ ॥
ਲੱਜ ਪੁਰਾਣੀ
ਸਾਹਾਂ ਵਾਲੀ
ਜਿਸ ਨਾਲ ਇਹ ਅਟਕੀ ਹੋਈ ॥

ਰੂਹ ਮੇਰੀ
ਬਣ ਇਕ ਪਨਹਾਰੀ
ਚਰਖੜੀ ਨੂੰ ਪਈ ਦੇਵੇ ਗੇੜੇ ॥
ਪੀੜੀ ਹੋਲੀ ਹੋਲੀ
ਥਲੇ ਨੂੰ ਸਿਰਕੇ
ਪਾਣੀ ਦਿਸਦਾ ਔਂਦਾ ਨੇੜੇ ॥

ਪਰ ਪਤਾ ਨਹੀਂ
ਮਨ ਮੇਰੇ ਨੂੰ
ਕਿਉਂ ਇਹ ਦਿਸਦਾ ਦੂਰ ॥
ਪਤਾ ਨਹੀਂ
ਕਾਹਦਾ ਮਾਣ ਹੈ ਇਹਨੂੰ
ਕਿਸ ਗੱਲ ਦਾ ਐਨਾ ਗਰੂਰ ॥
ਇਹ ਲੱਜ ਭਾਵੇਂ
ਹੁਣ ਹੀ ਟੁਟ ਜਾਵੇ
ਹੋ ਜਾਵੇਗਾ ਚਕਨਾ ਚੂਰ ॥

ਤਨ ਜਾਂਦਾ ਜਦ
ਖੂਹੇ ਵਲ ਨੂੰ

ਮਨ ਮੇਰਾ ਅੰਬਰ ਨੂੰ ਦੌੜੇ ॥
ਘਟਦੀ ਜਾਂਦੀ
ਭਾਵੇਂ ਲੱਜ ਸਾਹਾਂ ਦੀ
ਪਰ ਹਿਸਾਬ ਕਿਤਾਬ ਨੇ ਮਨ ਦੇ ਚੌੜੇ ॥

ਲਾਲਚ ਦਾ ਪਿਆ
ਸੂਰਜ ਤਪਦਾ
ਉਸ ਨਾਲ ਪਾਣੀ ਸੁਕੀ ਜਾਂਦਾ ॥
ਹੋ ਜਾਵੇਗਾ
ਖੂਹ ਇਹ ਖਾਲੀ
ਪਾਣੀ ਇਸਦਾ ਮੁੱਕੀ ਜਾਂਦਾ ॥
ਸਮੇਂ ਦਾ ਚੂਹਾ
ਇਕ ਇਕ ਤੰਦ ਨੂੰ
ਹੌਲੀ ਹੌਲੀ ਟੁੱਕੀ ਜਾਂਦਾ ॥
ਖੂਹੋਂ ਬਾਹਿਰ
ਜੋ ਕਢਿਆ ਪਾਣੀ
ਉਸ ਨੂੰ ਕੋਈ ਚੁੱਕੀ ਜਾਂਦਾ ॥

ਲੱਜ ਪੁਰਾਣੀ
ਟੁੱਟੀ ਹੋਈ
ਜ਼ਿਆਦਾ ਦੇਰ ਨਾ ਇਸ ਨੇ ਕਢਣੀ ॥

ਜਾ ਫੇਰ ਥੱਕ ਕੇ
ਰੂਹ ਮੇਰੀ ਨੇ
ਅਪਣੇ ਹਥੋਂ ਚਰਖੜੀ ਛੱਡਣੀ ॥

ਫੇਰ ਜਦ ਤਨ ਡੁਬਿਆ
ਨਾਲੇ ਇਸਦੇ
ਇਸ ਮਨ ਭੀ ਡੁਬ ਜਾਣਾ ॥

ਇਕ ਵਾਰ
ਜੇ ਖਾ ਗਿਆ ਗੋਤਾ
ਫੇਰ ਦੁਬਾਰਾ ਨਾ ਉਡ ਪਾਣਾ ॥



ਲੱਜ ਜਦ ਟੁਟੀ
ਨਾਲ ਪੀੜੀ ਦੇ
ਇਹ ਜਿਦ ਮੇਰੇ ਡੁਬ ਮੋਏਗੀ ॥
ਪਾਣੀ ਭਰਣ
ਮੇਰੀ ਰੂਹ ਜੋ ਆਈ
ਖੜੀ ਬਨੇਰੇ ਤੇ ਰੋਏਗੀ ॥

'ਭੱਜੀ' ਵਕਤ ਹੈ
ਜਾਨ ਬਚਾ ਲੈ
ਕਰ ਲੈ ਹਾਲੇ ਚਾਰਾ ॥
ਕੀ ਫਾਇਦਾ ਹੋਊ
ਲੱਜ ਗੰਢਣ ਦਾ
ਤਨ ਮਨ ਜਦੋਂ ਡੁੱਬ ਗਿਆ ਸਾਰਾ ॥

## ਤਾਂਘ

ਨੰਗਾ ਕਰ
ਜੇ ਖੜਾ ਕਰ ਦੇਵੇਂ
ਮੈਨੂੰ ਕਿਸੇ ਚੌਰਾਹੇ ਤੇ
ਫੇਰ ਭੀ ਨਾ, ਮੇਰਾ ਕੋਈ ਜ਼ੋਰ ॥

ਮੁੜ ਫੇਰ
ਤੇਰੀ ਦੇਹਲੀ ਡਿਗਾਂ
ਤੇਰੇ ਬਾਝੋਂ ਨਾ, ਮੇਰਾ ਕੋਈ ਹੋਰ ॥

ਤੇਰੇ ਸਦਕੇ
ਸਭ ਮਾਣ ਹੈ ਮੇਰਾ
ਭਾਵੇਂ ਲੋਕੀ ਆਖਣ, ਸਾਧ ਜਾਂ ਚੋਰ ॥

ਤੂੰ ਦਰਿਆ
ਮੈਂ ਇਕ ਡਲੀ ਲੂਣ ਦੀ
ਜਦ ਚਿਤ ਕੀਤਾ, ਤੂੰ ਲਵੇਂਗਾ ਖੋਰ ॥

ਪਤੰਗ ਬਣਾ
ਜੇ ਤੂੰ ਚਾਹੜੇਂ ਅੰਬਰੀਂ
ਤਾਂ ਭੀ ਤੇਰੇ, ਹੱਥੀਂ ਡੋਰ ॥

ਬੱਸ ਮੈਂ ਤਾਂ
ਲਗ ਮੈਂ ਦੇ ਪਿਛੇ
ਮੈਂ ਹੀ ਮੈਂ ਦਾ, ਪਾਇਆ ਸ਼ੋਰ ॥

ਛਡ ਤੁਰਿਆ ਮੈਂ
ਤੇਰੀਆਂ ਰਾਹਾਂ
ਨਾ ਤੁਰਿਆ, ਮੈਂ ਤੇਰੀ ਤੋਰ ॥



ਹੁਣ ਤਾਂ ਸੂਰਜ ਛੁਪਦਾ ਦਿਸਦਾ
ਲੰਘਾ ਦਿਤੀ ਸੁਤਿਆਂ ਹੀ
ਅਪਣੇ ਜੀਵਨ ਦੀ ਮੈਂ ਭੋਰ ॥

ਗਿਆਨੀ ਤਾਂ ਮੈਂ
ਹੁਣ ਭੀ ਨਹੀਂ ਹਾਂ
ਉਦੋਂ ਤਾਂ ਸੀ ਨਿਰਾ ਮੂਰਖ ਢੋਰ ॥

ਜੇ ਤੂੰ ਕਿਤੇ
ਮਿਲ ਪਵੇਂ ਮੈਨੂੰ
ਨੱਚਾਂ ਮੈਂ, ਵਾਂਗਣ ਇਕ ਮੋਰ ॥

ਇਹਨੀਂ ਮਹਲੀਂ
ਦਿਨ ਚਾਰ ਬਸੇਰਾ
ਮੈਨੂੰ ਪਈ ਉਡੀਕੇ ਗੋਰ ॥

ਮਰਨ ਦੇ ਮਗਰੋਂ ਭੀ
ਮੇਰੇ ਜਹੇ ਬੰਦਿਆਂ ਨੂੰ
ਤੇਰੇ ਚਰਣੀਂ ਨਾ ਮਿਲਦੀ ਠੌਰ ॥

ਬੱਸ ਇਕੋ ਹੀ ਹੈ ਤਾਂਘ 'ਭੱਜੀ' ਦੀ
ਮਰਨ ਤੋਂ ਪਹਿਲਾਂ
ਦਰਸ਼ਨ ਦੇ ਜਾਵੀਂ
ਦੇਖੀ ਬਣੀ ਨਾ ਐਵੇਂ ਕਠੋਰ ॥

## ਵਡੇ ਰੋਗ

ਜਿੰਦਗੀ ਵਿਚ,
ਦੋ ਰੋਗ ਨੇ ਵਡੇ
ਇਕ ਚਿੰਤਾ ਇਕ ਆਸ ॥
ਹਰ ਇਨਸਾਨ ਨੂੰ,
ਇਹ ਲਗੇ ਹੋਏ
ਕਰਦੇ ਸਭ ਕੁਛ ਨਾਸ ॥
ਮਾਂ ਪਿਓ, ਜਾਂ ਭੈਣ ਤੇ ਭਾਈ
ਜਾ ਕੋਈ ਸਜਣ ਮਿਤਰ ਖਾਸ।
ਔਖੇ ਵੇਲੇ, ਇਹ ਮੇਰੇ ਕੰਮ ਔਣਗੇ
ਬੰਦਾ ਰਖਦਾ ਆਸ ॥

ਪਰ ਜਿਸ ਵੇਲੇ, ਪਾਸਾ ਪੁੱਠਾ ਪੈਂਦਾ
ਨਾ ਕੋਈ ਨੇੜੇ ਔਂਦਾ ॥
ਦੇਖ ਕਿਤਿਓਂ, ਨਾਂ ਮੱਦਦ ਮਿਲਦੀ
ਬੰਦਾ ਹੈ ਘਬਰੌਂਦਾ ॥
ਕਦੇ ਇਕ, ਜਾਂ ਦੂਏ ਅਗੇ
ਉਹ ਜਾਕੇ ਤਰਲੇ ਪੌਂਦਾ ॥
ਆਸ ਅਪਣੀ ਤੇ, ਦੇਖ ਫਿਰਦਾ ਪਾਣੀ
ਅੰਤ ਨੂੰ ਹੈ ਪਛਤੌਂਦਾ ॥

ਪਰ ਜਿਥੋਂ, ਮਦਦ ਦੀ ਆਸ ਨਾ ਹੋਵੇ
ਤੇ ਕੋਈ ਮਦਦ ਲਈ ਬੋਹੜੇ ॥
ਦਿਲ ਨੂੰ ਬੜੀ, ਖੁਸ਼ੀ ਹੈ ਹੁੰਦੀ
ਪਰ ਐਸੇ ਹੁੰਦੇ ਥੋਹੜੇ ॥

ਚਿਤਾ ਵਿਚ ਤਾਂ, ਸਿਰਫ ਮਰਨ ਦੇ ਮਗਰੋਂ
ਇਕ ਵਾਰ ਹੀ ਬੰਦਾ ਬਲਦਾ ॥



ਚਿੰਤਾ ਕਹਿਨੇ, ਚਿਤਾ ਨਾਲੋਂ ਵਧਕੇ
ਨਿਤ ਬੰਦਾ ਜਿਊਂਦਾ ਜਲਦਾ ॥

ਜਦ ਤਕ, ਇਨਸਾਨ ਜਿਊਂਦਾ ਹੈ ਜਗ ਤੇ
ਕੋਈ ਨਾ ਕੋਈ ਫਿਕਰ ਹੈ ਰਹਿੰਦਾ ॥
ਇਕ ਕੰਮ ਹਾਲੇ, ਸਿਰੇ ਨਹੀਂ ਚੜ੍ਹਦਾ
ਦੂਏ ਦਾ ਜਿਕਰ ਕਰਨ ਲਗ ਪੈਂਦਾ ॥

ਨਿਕੇ ਬਚੇ ਨੂੰ, ਫਿਕਰ ਇਹ ਹੁੰਦਾ
ਕਲ ਪਊ ਸਕੂਲੇ ਜਾਣਾ ॥
ਬਚੇ ਨੂੰ ਸਕੂਲ, ਇੰਜ ਹੈ ਲਗਦਾ
ਜਿਵੇਂ ਚੋਰ ਨੂੰ ਠਾਣਾ ॥

ਜਿਊਂ ਜਿਊਂ ਬੱਚਾ, ਹੁੰਦਾ ਵਡਾ
ਫਿਕਰ ਭੀ ਹੁੰਦੇ ਵੱਡੇ ॥
ਝਟ ਦੂਸਰਾ, ਦਿਮਾਗ ਵਿਚ ਆ ਵੜਦਾ
ਜੇ ਇਕ ਨੂੰ ਵਿਚੋਂ ਕੱਢੇ ॥

ਫਿਕਰਾਂ ਵਿਚ ਹੀ, ਤੀਰਥ ਨਾਹਵੇ
ਫਿਕਰੀਂ ਜਾਵੇ ਮੱਕੇ ॥
ਫਿਕਰਾਂ ਵਿਚ ਹੀ, ਖਾਂਦਾ ਰਹਿੰਦਾ
ਬੰਦਾ ਸਾਰੀ ਜਿੰਦਗੀ ਧੱਕੇ ॥

ਫਿਕਰਾਂ ਵਿਚ ਹੀ, ਦਿਨ ਬੀਤਦਾ
ਫਿਕਰ 'ਚ ਰਾਤ ਹੈ ਔਂਦੀ ॥
ਸੇਜਾਂ ਤੇ ਪਿਆਂ ਭੀ, ਨੀਂਦ ਨਾ ਆਵੇ
ਚਿੰਤਾ ਰਹੇ ਸਤੌਂਦੀ ॥

ਭੁਲ ਭੁਲੇਖੇ, ਜੇ ਨੀਂਦ ਕਿਤੇ ਆ ਜਾਵੇ
ਸੁਪਨੇ ਡਰੋਨੇ ਔਂਦੇ ॥
ਕੱਚੀ ਨੀਂਦੇ, ਉਹ ਫੇਰ ਬੰਦੇ ਨੂੰ
ਕੰਨੋ ਫੜਕੇ ਜਗੌਂਦੇ ॥

ਰਾਤ ਫੇਰ ਹੈ, ਬੰਦਾ ਕਟਦਾ
ਗਿਣ ਗਿਣ ਅੰਬਰ ਦੇ ਤਾਰੇ ॥
ਕਦੇ ਨਾ ਕਦੇ, ਇਹ ਕਰ ਚੁਕੇ ਹਾਂ
ਅਸੀਂ ਜ਼ਿੰਦਗੀ ਵਿਚ ਸਾਰੇ ॥

ਦਿਨ ਚੜ੍ਹਦੇ ਤੇ, ਮਸੀਂ ਉਠ ਹੁੰਦਾ
ਸਿਰ ਲਗਦਾ ਹੈ ਭਾਰਾ ॥
ਡਰਦਾ ਡਰਦਾ, ਕੰਮ ਨੂੰ ਤੁਰ ਪੈਂਦਾ
ਬੰਦਾ ਫਿਕਰ ਦਾ ਮਾਰਾ ॥

ਉਹ ਭਾਵੇਂ ਹੋਵੇ, ਕੋਈ ਮੰਗਤਾ
ਜਾਂ ਮਾਲਕ ਵਡੀਆਂ ਮਿਲਾਂ ਦਾ ॥
ਕਿਸੇ ਨੂੰ, ਫਿਕਰ ਹੈ ਰੋਟੀ ਦਾ
ਕਿਸੇ ਨੂੰ ਵਡਿਆਂ ਬਿਲਾਂ ਦਾ ॥

ਆਸ ਤੁਸੀਂ, ਜੇ ਰਖੋਗੇ ਕਿਸੇ ਤੇ
ਤਾਂ ਹੋਵੋਗੇ ਤੁਸੀਂ ਨਿਰਾਸ ॥
ਇਸ ਤੋਂ ਚੰਗਾ, ਫੇਰ ਛੁੱਟ ਰੱਬ ਤੋਂ
ਰਖੋ ਨਾ ਹੋਰ ਕਿਸੇ ਤੇ ਆਸ ॥

ਹਰ ਕੋਈ, ਜੇ ਮੰਨ ਕੇ ਬਹਿ ਜਾਵੇ
ਉਸ ਰੱਬ ਦਾ ਭਾਣਾ ॥
ਫੇਰ ਚੰਗੀ ਤਰਾਂ, ਇਨਸਾਨ ਮੋਏਗਾ
ਉਹਨੂੰ ਫੇਰ ਨਹੀਂ ਫਿਕਰਾਂ ਖਾਣਾ ॥

ਬੇਆਸ਼ਾ ਤੇ ਅਚਿੰਤ ਰਹਿਣ ਦੀ
ਜਿਸਨੇ ਸਿਖ ਲਈ ਜੁਗਤੀ ॥
'ਭੱਜੀ' ਸਮਝ ਲਵੋ, ਉਸ ਬੰਦੇ ਨੂੰ
ਜਿਉਂਦਿਆਂ ਮਿਲ ਗਈ ਮੁਕਤੀ ॥



## ਤੀਸਰੀ ਅੱਗ

ਚੁਲਹੇ ਵਲਦੀ,
ਜੋ ਅੱਗ ਹੈ ਦਿਸਦੀ
ਨਹੀਂ ਉਹਨੂੰ ਜਾਣ ਦਾ ਕੇਹੜਾ ॥

ਉਸ ਅਗ ਬਾਝੋਂ
ਸੁੰਨਾ ਲਗਦਾ
ਵਸਦੇ ਘਰਾਂ ਦਾ ਵੇਹੜਾ ॥

ਇਹ ਅੱਗ
ਜੰਮਣ ਤੋਂ ਹੁਣ ਤਾਈਂ
ਬੰਦੇ ਦੇ ਕੰਮ ਸਾਰੇ ॥
ਇਸੇ ਅੱਗ ਦੇ ਸਦਕੇ
ਅਜ ਬੰਦਿਆਂ ਨੇ ਛੋਹੇ
ਆਸਮਾਨ ਦੇ ਚੰਦ ਤੇ ਤਾਰੇ ॥

ਦੂਜੀ ਅੱਗ
ਜੋ ਪੇਟ 'ਚ ਲੱਗੀ
ਬੰਦਾ ਨਿਤ ਖਾ ਖਾ ਨਾ ਰੱਜੇ ॥

ਖਾ ਸ਼ਾਹ ਵੇਲਾ
ਤੇ ਦੁਪਿਹਰ ਦੇ ਮਗਰੋਂ
ਉਹ ਸ਼ਾਮ ਦੇ ਖਾਣੇ ਲਈ ਭੱਜੇ ॥

ਇਸ ਦੌੜ ਵਿਚ
ਜ਼ਿੰਦਗੀ ਲੰਘਦੀ
ਰਬ ਨਾ ਚੇਤੇ ਆਵੇ ॥

ਇਸ ਪਾਪੀ ਪੇਟ ਦੀ
ਅੱਗ ਦੀ ਖਾਤਿਰ
ਬੰਦਾ ਲਖਾਂ ਪਾਪ ਕਮਾਵੇ ॥

ਰੋਟੀ ਦੇ
ਉਹ ਦੋ ਟੁਕਾਂ ਲਈ
ਦਰ ਦਰ ਧੱਕੇ ਖਾਵੇ ॥
ਇਹਦੀ ਖਾਤਿਰ
ਛਡ ਵਤਨ ਉਹ ਆਪਣਾ
ਪਰਦੇਸਾਂ ਵਿਚ ਜਾਵੇ ॥

ਤੀਜੀ ਅੱਗ
ਜੇਹਦੀ ਗੱਲ ਕਰਾਂ ਮੈਂ
ਉਹ ਹਰ ਦੇ ਸੀਨੇ ਮਚਦੀ ॥

ਮਚਾ ਦੇਂਦੀ
ਖਲਬਲੀ ਦਿਲ ਵਿਚ
ਬਿਨ ਪੈਰਾਂ ਦੇ ਨਚਦੀ ॥

ਜਿਸ ਅੱਗ ਨੇ
ਪਤਾ ਨਹੀਂ ਹੁਣ ਤਾਈਂ
ਕਿੰਨੇ ਘਰ ਨੇ ਸਾੜੇ ॥

ਜਿਸ ਅੱਗ ਨੇ
ਵਸਦੇ ਲੋਕੀ
ਪਲਾਂ ਦੇ ਵਿਚ ਉਜਾੜੇ ॥

ਨਾਂ ਉਸ ਅੱਗ ਦਾ
ਨਫਰਤ ਲੋਕੋ
ਜੋ ਸਾਡੇ ਸੀਨੇ ਲੱਗੀ ॥
ਜਿਸ ਅੱਗ ਕਰਕੇ
ਬੰਦਾ ਬੰਦੇ ਨਾਲ
ਕਰੀ ਜਾਂਦਾ ਹੈ ਠੱਗੀ ॥



ਇਹ ਅੱਗ
ਸਾਡੇ ਦਿਲਾਂ ਨੂੰ ਅਜ
ਐਨੀ ਗਈ ਹੈ ਭਾ ॥

ਇਹ ਅੱਗ
ਅਜ ਬਿਨਾ ਦੰਦਾਂ ਤੋਂ
ਰਹੀ ਮਾਨਵਤਾ ਨੂੰ ਖਾ ॥

ਇਸ ਅੱਗ ਦੇ ਅੰਦਰ
ਛੁਪੀ ਹੈ ਹੋਈ
ਈਰਖਾ ਦੀ ਬਦਬੂ ॥
ਇਸ ਅੱਗ ਦੇ ਨਾਲ
ਬਦਨ ਨਾ ਸੜਦਾ
ਪਰ ਸੜ ਜਾਂਦੀ ਹੈ ਰੂਹ ॥
ਉਸ ਮੁਲਖ ਦਾ
ਫਿਰ ਕੁਛ ਨਾ ਛਡਦੀ
ਇਹ ਜਿਸ ਨੂੰ ਜਾਂਦੀ ਛੂਹ ॥
ਲਹੂ ਦੇ ਨਾਲ
ਇਹ ਦਰਿਆ ਭਰ ਦੇਂਦੀ
ਲਾਸ਼ਾਂ ਦੇ ਨਾਲ ਖੂਹ ॥

ਚੁਲ੍ਹੇ ਵਾਲੀ
ਅੱਗ ਬੁਝ ਜਾਂਦੀ
ਜੇ ਕੋਈ ਪਾਣੀ ਦੇ ਛਿੱਟੇ ਮਾਰੇ ॥
ਢਿਡ ਦੀ ਅੱਗ
ਬੁਝਾਵਣ ਖਾਤਿਰ
ਬੰਦਾ ਲਗਾ ਰਹਿੰਦਾ ਆਹਰੇ ॥

'ਭੱਜੀ' ਤੀਸਰੀ ਅੱਗ
ਤਾਂ ਤਾਂ ਹੀ ਬੁਝਦੀ
ਜੇ ਰਬ ਦਾ ਭੈ ਰੱਖਣ ਸਾਰੇ।

## ਮਹਿਲ

ਸ਼ਰੀਰ ਮੇਰਾ
ਇਕ ਮਹਿਲ ਅਨੋਖਾ
ਜਿਸਦੇ ਨੌ ਦਰਵਾਜੇ ॥
ਇਹਦੀ ਬਣਤ ਹੈ
ਸਭ ਤੋਂ ਵਖਰੀ
ਵਖਰਾ ਜਿਸ ਇਹ ਸਾਜੇ ॥

ਲਿਪ ਪੋਚਕੇ
ਮਹਿਲ ਇਹ ਆਪਣਾ
ਮੈਂ ਹਰ ਰੋਜ ਸਜਾਵਾਂ ॥
ਖੋਲ੍ਹਾਂ ਕਦੇ
ਮੈਂ ਕੋਈ ਬੂਹਾ
ਕਦੇ ਕਿਸੇ ਦੀ ਕੁੰਡੀ ਲਾਵਾਂ ॥
ਘਰ ਮੇਰਾ
ਇਹ ਰੋਸ਼ਨ ਹੋ ਜਾਵੇ
ਸ਼ਾਮ ਔਂਦੀ ਤਕ ਚਾਹਵਾਂ ॥
ਕਦੇ ਬਾਲਾਂ
ਮੈਂ ਤੇਲ ਦਾ ਦੀਵਾ
ਕਦੇ ਮੈਂ ਜੋਤ ਜਗਾਵਾਂ ॥

ਅੰਦਰ ਅੱਗ
ਤ੍ਰਿਸ਼ਨਾ ਦੀ ਮੱਚਦੀ
ਬਾਹਰ ਈਰਖਾ ਦਾ ਝੱਖੜ ਚਲਦਾ ॥

ਖੁਲੇ ਪਏ ਨੇ
ਸਪਾਟ ਸਭ ਬੂਹੇ
ਨਹੀਂ ਗਿਆਨ ਦਾ ਦੀਵਾ ਬਲਦਾ ॥



ਬਿਨ ਦੀਵੇ ਤੋਂ
ਇਸ ਮਹਿਲ ਦੇ ਅੰਦਰ
ਰਹੇਗਾ ਘੁਪ ਹਨੇਰਾ ॥
'ਭੱਜੀ' ਕਈ ਤੀਲਾਂ
ਮੈਂ ਲਾ ਲਾ ਸੁਟੀਆਂ
ਜੋਰ ਮੈਂ ਲਾਇਆ ਬਥੇਰਾ ॥

## ਸੁੱਤੀ ਆਤਮਾ

ਆਤਮਾ ਮੇਰੀ,
ਗੂਹੜੀ ਨੀਂਦਰ ਸੁਤੀ,
ਮਾਰੇ ਪਈ ਘੁਰਾੜੇ ॥
ਸਾਰੀ ਉਮਰ,
ਇੰਜ ਐਵੇਂ ਗੁਆਈ,
ਹੁਣ ਰਹਿ ਗਏ ਕੁਛ ਦਿਹਾੜੇ ॥

ਅਖੀਆਂ ਮੇਰੀਆਂ,
ਵਿਚ ਮਸਤੀ ਦੇ,
ਕਿਤੇ ਹੋਰ ਜਾ ਨੇਹ ਲਗਾਇਆ ॥
ਛਡਕੇ ਉਹਦੀ
ਸੋਹਣੀ ਕੁਦਰਤ,
ਤਕਣ ਰੂਪ ਪਰਾਇਆ ॥

ਸਭ ਕੁਛ
ਉਹਨੇ ਖੁਦ ਹ' ਘੜਿਆ
ਜੋ ਇਹਨਾਂ ਨੂੰ ਦਿਸਦਾ ॥
ਘੜਣ ਵਾਲਾ
ਜੇ ਨਹੀਂ ਨਜਰੀਂ ਔਂਦਾ
ਕਸੂਰ ਭਲਾ ਇਹ ਕਿਸਦਾ?

ਕਦੇ ਕਦੇ
ਇਹ ਰੱਬ ਨੂੰ ਢੂੰਢਣ
ਜਾ ਮਸਜਿਦ ਜਾਂ ਮੰਦਰ ॥
ਉਹ ਇਹਨਾਂ ਨੂੰ



ਰੱਬ ਨਾ ਦਿਸਦਾ
ਜੋ ਹਰ ਜੀ ਦੇ ਅੰਦਰ ॥

ਕੰਨ ਮੇਰੇ ਭੀ
ਸੁਤੇ ਹੋਏ
ਸੁਣਦੇ ਨਹੀਂ ਗੁਰਬਾਣੀ ॥
ਕਿਸੇ ਦੀ ਚੁਗਲੀ
ਕਿਸੇ ਦੀ ਨਿੰਦਾ
ਨਿਤ ਸੁਣਦੇ ਨਵੀਂ ਕਹਾਣੀ ॥

ਜਾ ਇਹੋ ਹੈ
ਸੁਣਨਾ ਚੌਹਦੇ
ਕਿਸੇ ਦੇ ਦਿਲ ਦੀ
ਕਿਥੇ ਰਹਿੰਦੀ ਰਾਣੀ ॥
ਗੱਪ ਸ਼ੱਪ ਸੁਣਕੇ
ਇਹ ਖ਼ੁਸ਼ ਹੋ ਜਾਂਦੇ
ਜਦੋਂ ਇਕੱਠੀ ਬਹਿੰਦੀ ਢਾਣੀ ॥

ਜੀਭ ਮੇਰੀ ਨੂੰ
ਨੀਂਦ ਦੇ ਅੰਦਰ
ਪੈ ਗਿਆ ਐਸਾ ਚਸਕਾ ॥
ਅਮ੍ਰਿਤ ਛਡ
ਜ਼ਹਿਰ ਇਹ ਚੱਖੇ
ਜਾ ਲਾਵੇ ਕਿਸੇ ਨੂੰ ਮਸਕਾ ॥

ਮਿਠੀ ਬੋਲੀ
ਇਹੋ ਭੁਲ ਗਈ
'ਮੈਂ ਮੈਂ' ਰਹਿੰਦੀ ਕਰਦੀ ॥
ਅਵਾ ਤਵਾ ਬੋਲ
ਕੁਫਰ ਇਹ ਤੋਲੇ
ਨਹੀਂ ਰੱਬ ਤੋਂ ਡਰਦੀ ॥

ਨੱਕ ਮੇਰਾ ਭੀ
ਛਡ ਉਹਦੀ ਖੁਸ਼ਬੂ
ਸੁੰਘੇ ਅਤਰ ਫੁਲੇਲਾਂ ॥
ਉਹਦੀ ਮਹਿਕ
ਜੋ ਹਰ ਪਾਸੇ ਖਿਲਰੀ
ਇਹ ਭੁਲ ਗਿਆ ਵਿਚ ਖੇਲਾਂ ॥

ਹੱਥ ਮੇਰੇ ਪਏ
ਦਮੜੇ ਗਿਣਦੇ
ਜਾ ਛੂੰਹਦੇ ਮਾਲ ਪਰਾਇਆ ॥
ਰਬ ਦੀ ਛੋਹ
ਕਿਹੋ ਜਹੀ ਹੈ ਹੁੰਦੀ
ਨਾ ਸਮਝ ਇਹਨਾਂ ਨੂੰ ਆਇਆ ॥

ਅਪਣਾ ਮਾਲ
ਇਹ ਸਮਝਕੇ ਬਹਿ ਗਏ
ਹਥ ਜਿਸਨੂੰ ਇਹਨਾਂ ਲਾਇਆ ॥
ਜਾਂ ਫੇਰ ਖਾ ਖਾ
ਇਹਨਾਂ ਹੱਥਾਂ ਨਾਲ
ਪਸ਼ੂ ਵਾਂਗ ਢਿਡ ਵਧਾਇਆ ॥

ਪੈਰ ਮੇਰੇ ਭੀ
ਨੀਂਦ ਦੇ ਅੰਦਰ
ਪੈ ਗਏ ਉਲਟੀ ਰਾਹੇ ॥
ਰਬ ਦੇ ਵਲ ਨੂੰ
ਇਹ ਮੂੰਹ ਨਾ ਕਰਦੇ
ਹੋਰ ਜਿਧਰ ਲੈ ਜਾਓ ਚਾਹੇ ॥

ਪਹਿਰੇਦਾਰ ਸਭ
ਮੇਰੇ ਪਿੰਡ ਦੇ ਸੁੱਤੇ
ਮੈਂ ਕਰ ਬੈਠਾਂ ਅਨਗਹਿਲੀ ॥
ਪੰਜ ਚੋਰਾਂ ਨੇ
ਸੰਨ ਆ ਲਾਈ
ਤਕਕੇ ਸੁੰਨੀ ਹਵੇਲੀ ॥



ਜਾਗ ਨੀ ਰੂਹੇ
ਹਾਲੇ ਮੌਕਾ
ਮਾਰ ਨਾ ਹੋਰ ਘੁਰਾੜੇ ॥
ਉਹਦੇ ਨਾਲ
ਤੂੰ ਇਕ ਮਿਕ ਹੋ ਜਾ
ਜੋ ਰਹਿ ਗਏ ਚਾਰ ਦਿਹਾੜੇ ॥

ਨਹੀਂ ਤਾਂ ਫੇਰ
ਮੁੜ ਮੁੜ ਤੈਨੂੰ
ਧੱਕੇ ਖਾਣੇ ਪੈਣੇ।
ਜਗਾ ਦੇ ਸਾਰੇ
ਪਹਿਰੇਦਾਰ ਤੂੰ ਪਿੰਡ ਦੇ
ਲਗ 'ਭੱਜੀ' ਦੇ ਕਹਿਣੇ ॥

# ਪਿੰਡ

ਸਰੀਰ ਮੇਰਾ,
ਇਕ ਪਿੰਡ ਦੇ ਵਾਂਗੂੰ
ਜਿਹਦੇ ਹਨ ਨੌ ਦਰ ॥
ਇਕ ਵਿਚਾਲੇ,
ਸੋਹਣੀ ਕੋਠੀ
ਉਹਦੇ ਆਸੇ ਪਾਸੇ ਘਰ ॥

ਇਸ ਪਿੰਡ ਦੀ
ਉਸ ਕੋਠੀ ਅੰਦਰ
ਮੇਰੇ ਪ੍ਰੀਤਮ ਦਾ ਵਾਸਾ ॥
ਮਿਲਣ ਲਈ
ਮੈਂ ਉਹਨੂੰ ਤੁਰਿਆ
ਮੈਨੂੰ ਮੁੜਨਾ ਪਿਆ ਨਿਰਾਸਾ ॥

ਕਿਸੇ ਬੂਹੇ ਤੇ
ਕਾਮ ਦਾ ਪਹਿਰਾ
ਕਿਸੇ ਕਰੋਧ ਨੇ ਡੇਰਾ ਲਾਇਆ ॥
ਕਿਤੇ ਲੋਭ ਪਿਆ
ਰਿਸ਼ਵਤ ਮੰਗੇ
ਕਿਤੇ ਮੋਹ ਨੇ ਜਾਲ ਫੈਲਾਇਆ ॥

ਵਡੇ ਬੂਹੇ ਮੂਹਰੇ,
ਹੰਕਾਰ ਖੜਾ ਹੈ
ਉਹ ਲੱਤ ਅੜਾਈ ਰਹਿੰਦਾ ॥
ਛਡ ਪਰੇ
ਕੀ ਰਬ ਤੋਂ ਲੈਣਾ
'ਮੈਂ' ਹੀ 'ਮੈਂ' ਬਸ ਕਹਿੰਦਾ ॥



ਇਕ ਦਰਵਾਜਾ
ਉਸ ਗੁਪਤ ਹੈ ਰਖਿਆ
ਜੋ ਮੈਨੂੰ ਨਜਰੀ ਨਾ ਆਵੇ ॥
ਭਾਲ ਰਿਹਾਂ
ਕੋਈ ਖੋਜੀ ਐਸਾ
ਜੋ ਮੈਨੂੰ ਉਸ ਰਾਹ ਪਾਵੇ ॥

ਮਿਲ ਨਾ ਸਕਾਂ,
ਤੈਨੂੰ ਮੇਰੇ ਪ੍ਰੀਤਮ
ਮੈਂ ਮੇਰੇ ਹੀ ਪਿੰਡ ਦੇ ਅੰਦਰ ॥
ਤੇਰੇ ਮੇਰੇ
ਵਿਚਕਾਰ ਖੜੇ ਨੇ
ਇਹ ਮੇਰੇ ਪੰਜ ਪਤੰਦਰ ॥

ਆਸ ਲਾ ਬੈਠਾ,
ਤੈਨੂੰ ਮਿਲਣ ਦੀ
ਤੇਰੇ ਇੰਤਜਾਰ ਵਿਚ ਮੈਂ ਟੰਗਿਆ ॥
ਛਡਕੇ ਮੇਰੇ
ਪਿੰਡ ਦੀ ਕੋਠੀ
ਤੂੰ ਗੁਪਤ ਬੂਹੇ ਥਾਣੀਂ ਲੰਘਿਆ ॥

ਤੈਨੂੰ ਨਾ
ਕੋਈ ਰੋਕਣ ਵਾਲਾ
ਤੂੰ ਮੈਥੋਂ ਕਿਉਂ ਸੰਗਿਆ ॥
ਦੇਦੇ 'ਭੱਜੀ' ਨੂੰ
ਦੀਦਾਰ ਤੂੰ ਸੱਜਣਾ
ਤੈਥੋਂ ਹੋਰ ਨਾ ਕੁਛ ਮੈਂ ਮੰਗਿਆ ॥

## ਖੇਤੀ

ਮੇਰੇ ਮਨ ਦੇ ਵਿਰਾਨ ਖੇਤ ਵਿਚ
ਤੂੰ ਮੇਹਰਾਂ ਦਾ ਮੀਂਹ ਬਰਸਾਇਆ ॥

ਸੱਚ ਧਰਮ ਦੇ ਦੋ ਜੋੜ ਕੇ ਬਲਦ
ਤੂੰ ਉਹਨੂੰ ਖੇਤੀ ਲਾਇਕ ਬਣਾਇਆ ॥

ਪਿਆਰ ਦੀ ਇਸਨੂੰ ਵਾੜ ਤੈਂ ਕੀਤੀ
ਤੂੰ ਬੀਜ ਨਾਮ ਦਾ ਪਾਇਆ ॥

ਤੇਰੀ ਇਸੇ ਮੇਹਰ ਦੇ ਸਦਕੇ ਦਾਤਾ
ਬੂਟਾ ਨਾਮ ਦਾ ਹੈ ਉਗ ਆਇਆ ॥

ਮੇਰੇ ਜੋ ਹਨ 'ਪੰਜ ਮੁਜ਼ਾਰੇ'
ਉਹਨਾਂ ਖੇਤ ਤੇ ਘੇਰਾ ਪਾਇਆ ॥

ਮੈਂ ਤੇਰੀ ਇਸ ਵਾੜ ਦੇ ਸਦਕੇ
ਜਿਸ ਬਾਹਰ ਉਹਨਾਂ ਨੂੰ ਅਟਕਾਇਆ ॥

ਮੁਰਝਾ ਜਾਵੇਗਾ ਇਹੋ ਬੂਟਾ
ਜੇ ਹੱਥ ਉਹਨਾਂ ਨੇ ਲਾਇਆ ॥

ਤੂੰ ਹੀ ਕਰਨੀ ਹੁਣ ਇਹਦੀ ਰਾਖੀ
ਜੇ ਤੈਨੂੰ ਤਰਸ 'ਭੱਜੀ' ਤੇ ਆਇਆ ॥



## ਬੇੜੀ

ਹਉਮੈਂ ਦੀ, ਮੇਰੀ ਲੋਹੇ ਹੀ ਬੇੜੀ,
ਲੈ ਭਵਸਾਗਰ ਵਿਚ ਮੈਂ ਵੜਿਆ ॥

ਪਾ ਉਹਦੇ ਵਿਚ, ਕਈ ਪਾਪਾਂ ਦੇ ਪੱਥਰ
ਖੁਦ ਉਹਦੇ ਵਿਚ ਮੈਂ ਚੜ੍ਹਿਆ ॥

ਜੇ ਕਿਸੇ ਮੈਨੂੰ, ਚਾਹਿਆ ਸਮਝੌਣਾ
ਨਾਲ ਉਹਦੇ ਮੈਂ ਲੜਿਆ ॥

ਇਕ ਹੱਥ ਮੇਰੇ, ਲੋਭ ਦਾ ਚੱਪੂ
ਦੂਜੇ ਵਿਚ ਮੋਹ ਦਾ ਮੈਂ ਫੜਿਆ ॥

ਭਵਰਾਂ ਦੇ ਵਿਚ, ਹੁਣ ਮੇਰੀ ਬੇੜੀ
ਚਕਰ ਪਿਆ ਮੈਂ ਖਾਵਾਂ ॥

ਪਤਾ ਨਹੀਂ ਹੁਣ ਮੈਨੂੰ ਲਗਦਾ
ਕਿਧਰ ਨੂੰ ਮੈਂ ਜਾਵਾਂ ॥

ਦੂਰ ਦੁਰਾਡੇ, ਨਜਰੀਂ ਆਇਆ
ਇਕ ਨਾਮ ਦਾ ਜਹਾਜ ਹੈ ਮੈਨੂੰ ॥

ਉਹ ਪਿਆ ਉਚੀ ਕੂਕਾਂ ਮਾਰੇ
ਦਿੰਦਾ ਪਿਆ ਅਵਾਜ ਹੈ ਮੈਨੂੰ ॥

"ਡੁਬ ਜਾਏਂਗਾ 'ਭੱਜੀ' ਤੂੰ ਇਸ ਵਿਚ
ਤੇਰੀ ਇਸ ਬੇੜੀ ਨਾ ਤਰਨਾ" ॥

ਛਡਕੇ ਇਹਨੂੰ, ਜਹਾਜ ਤੂੰ ਫੜ ਲੈ
ਜੇ ਭਵਸਾਗਰ ਪਾਰ ਤੂੰ ਕਰਨਾ ॥



## ਗੁਰੂ ਮਾਨਿਓ ਗ੍ਰੰਥ

ਦੁਨੀਆਂ ਦਾ ਸਫਰ,
ਜਦੋਂ ਕਰਕੇ ਪੂਰਾ,
ਕਲਗੀਆਂ ਵਾਲੇ ਜਾਣ ਲੱਗੇ ॥
ਵਿਛੜਦਾ ਦੇਖ,
ਆਪਣੇ ਪਿਆਰੇ ਨੂੰ,
ਸਿੱਖ ਸਾਰੇ ਕੁਰਲਾਣ ਲੱਗੇ ॥

ਐਨੀ ਜਲਦੀ,
ਕਾਹਦੀ ਸਤਿਗੁਰੂ,
ਕਿਉਂ ਵਿਛੋੜੇ,
ਤੁਸੀਂ ਅੱਜ ਪਾ ਚਲੇ?
ਕੀ ਬੰਣੂਗਾ ਸਾਡਾ,
ਤੁਹਾਡੇ ਪਿੱਛੋਂ,
ਕਿਸਦੇ ਲੜ ਸਾਨੂੰ,
ਤੁਸੀਂ ਅੱਜ ਲਾ ਚੱਲੇ?

ਦੁਨੀਆਂ ਦੇ,
ਇਹਨਾਂ ਔਖਿਆਂ ਪੈਂਡਿਆਂ ਦੀ,
ਕੌਣ ਸਾਨੂੰ ਰਾਹ ਦਿਖਾਏਗਾ?
ਡਗਮਗਾਏ ਪੈਰ,
ਜੇ ਸਾਡੇ ਕਦੇ,
ਕੌਣ ਸਾਨੂੰ ਧਰਵਾਸ ਦਿਲਾਏਗਾ?
ਭਟਕ ਗਏ,
ਜੇ ਕਦੀ ਅਸੀਂ,
ਸਿੱਖੀ ਦੀਆਂ ਰਾਹਾਂ ਤੋਂ,
ਕੌਣ ਸਿੱਧੇ ਰਾਹ ਪਾਏਗਾ ॥

ਸੁਣਕੇ ਗੱਲ ਸੰਗਤ ਦੀ,
ਸਤਿਗੁਰੂ ਜੀ ਬੋਲੇ,
"ਸਿੰਘੋ ਤੁਸੀਂ ਕਦੇ ਡੋਲਨਾ ਨਹੀਂ ॥
ਇਹ ਸਿੱਖੀ,
ਮੈਨੂੰ ਜਾਨ ਤੋਂ ਪਿਆਰੀ,
ਕਿਸੇ ਦੇ ਪੈਰਾਂ ਵਿਚ,
ਇਹਨੂੰ ਰੋਲਣਾ ਨਹੀਂ ॥"

ਸਚਖੰਡ ਜਾਣ ਤੋਂ
ਤਿੰਨ ਦਿਨ ਪਹਿਲਾਂ,
ਉਹਨਾਂ ਗੁਰੂ ਗ੍ਰੰਥ ਸਾਹਿਬ ਮੰਗਵਾਇਆ।
ਪੰਜ ਪੈਸੇ,
ਅਤੇ ਰੱਖ ਨਾਰੀਅਲ ਅੱਗੇ,
ਉਹਨਾਂ ਨੇ ਆਪਣਾ ਸੀਸ ਝੁਕਾਇਆ ॥

ਇੰਜ,
ਚਾਰ ਅਕਤੂਬਰ ਸਤਾਰਾਂ ਸੋ ਅੱਠ ਨੂੰ,
ਗੁਰੂ ਗ੍ਰੰਥ ਸਾਹਿਬ ਨੂੰ,
ਸਾਡਾ ਗੁਰੂ ਬਣਾਇਆ।
ਫੇਰ ਭਰੇ ਦੀਵਾਨ ਦੇ ਅੰਦਰ,
ਉਹਨਾਂ ਨੇ ਆਪਣਾ,
ਸਭ ਨੂੰ ਹੁਕਮ ਸੁਣਾਇਆ ॥

"ਆਗਿਆ ਭਈ ਅਕਾਲ ਕੀ,
ਤਬੈ ਚਲਾਯੋ ਪੰਥ।
ਸਭ ਸਿੱਖਨ ਕੋ ਹੁਕਮ ਹੈ,
ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ,
ਪ੍ਰਗਟ ਗੁਰਾਂ ਦੀ ਦੇਹ,
ਜੋ ਪ੍ਰਭ ਕੋ ਮਿਲਬੋ ਚਹੈ,
ਖੋਜ ਸਬਦ ਮੈ ਲੇਹ ॥"



ਇਸ ਤਰ੍ਹਾਂ,
ਉਹਨਾਂ ਨੇ ਸਿੱਖਾਂ ਨੂੰ,
ਲੜ ਸ਼ਬਦ ਗੁਰੂ ਦੇ ਲਾਇਆ ॥
ਫੇਰ ਜਦੋਂ,
ਵਾਕ ਲਿਆ ਤਾਂ,
ਇਹ ਉਸ ਦਿਨ ਵਾਕ ਸੀ ਆਇਆ ॥

ਸੂਹੀ ਮਹਲਾ ੫ ॥
"ਅਬਿਚਲ ਨਗਰੁ ਗੋਬਿੰਦ ਗੁਰੂ ਕਾ,
ਨਾਮ ਜਪਤੁ ਸੁਖੁ ਪਾਇਆ ਰਾਮ।
ਮਨ ਇਛੇ ਸੇਈ ਫਲ ਪਾਏ,
ਕਰਤੈ ਆਪਿ ਵਸਾਇਆ ਰਾਮ।
ਕਰਤੈ ਆਪਿ ਵਸਾਇਆ,
ਸਰਬ ਸੁਖ ਪਾਇਆ,
ਪੁਤ ਭਾਈ ਸਿਖ ਬਿਗਾਸੇ।
ਗੁਣ ਗਾਵਹਿ ਪੂਰਨ ਪਰਮੇਸੁਰ,
ਕਾਰਜੁ ਆਇਆ ਰਾਸੇ।
ਪ੍ਰਭ ਆਪਿ ਸੁਆਮੀ, ਆਪੇ ਰਾਖਾ,
ਆਪਿ ਪਿਤਾ ਮਾਇਆ।
ਕਹੁ ਨਾਨਕ ਸਤਿਗੁਰ ਬਲਿਹਾਰੀ,
ਜਿਨਿ ਏਹੁ ਥਾਨੁ ਸੁਹਾਇਆ ॥"

ਉਸ ਦਿਨ ਦੇ ਮਗਰੋਂ,
ਨਾਂਦੇੜ ਸਹਿਰ ਦਾ,
ਇਕ ਨਾਂ ਅਬਚਲ ਨਗਰ ਪੈ ਗਿਆ ॥
ਸਤਿਗੁਰੂ ਸਦਾ ਨੇ ਹਾਜ਼ਰ ਉਥੇ,
ਇਸ ਕਰਕੇ,
ਕੋਈ ਇਹਨੂੰ ਹਜ਼ੂਰ ਸਾਹਿਬ ਕਹਿ ਗਿਆ ॥

ਗਏ ਸਤਿਗੁਰੂ,
ਸੱਚ ਖੰਡ ਨੂੰ ਇਥੋਂ,
ਇਸੇ ਕਰਕੇ ਇਹਨੂੰ,
ਸੱਚ ਖੰਡ ਭੀ ਕਹਿੰਦੇ ॥

ਉਸ ਦਿਨ ਤੋਂ,
ਲੈ ਅੱਜ ਤਾਈ,
ਹਜ਼ਾਰਾਂ ਉਥੇ ਸਿੱਖ ਨੇ ਰਹਿੰਦੇ ॥

ਫਰਜ਼ ਨਹੀਂ,
ਇਹ ਕਿਸੇ ਭੀ ਸਿੱਖ ਦਾ,
ਕਿਸੇ ਦੇਹਧਾਰੀ ਨੂੰ,
ਉਹ ਮੱਥਾ ਟੇਕੇ ॥
ਪਰ ਥਾਂ ਥਾਂ 'ਤੇ,
ਅੱਜ ਲਾ ਕੇ ਬੈਠੇ,
ਨਰਕਾਧਾਰੀ ਧਰਮਾਂ ਦੇ ਠੇਕੇ ॥

ਗੁਰੂ ਅਰਜਨ ਤੋਂ,
ਕਿਸੇ ਨੇ ਪੁੱਛਿਆ,
ਹੁਣ ਤਾਈ ਸੰਤ ਹੋਏ ਨੇ ਕਿੰਨੇ ॥
ਜੋ ਜਵਾਬ,
ਉਹਨਾਂ ਨੇ ਦਿੱਤਾ,
ਦਿਲ ਗਏ ਸ਼ਰਧਾਲੂਆਂ ਦੇ ਸੀ ਵਿੰਨੇ ॥

ਉਹਨਾਂ ਕਿਹਾ,
'ਗੁਰਮੁਖ ਪਿਆਰਿਓ,
ਸੰਤ ਹੋਏ ਨੇ ਸਾਰੇ ਸਾਢੇ ਚਾਰ ॥
ਗੁਰੂ ਨਾਨਕ, ਅੰਗਦ, ਅਮਰਦਾਸ,
ਤੇ ਰਾਮਦਾਸ ਜੀ ਦੇ ਮਗਰੋਂ
ਮੈਂ ਨਹੀਂ ਹਾਲੇ ਪੂਰਾ ਤਿਆਰ ॥

ਅੱਧ ਪੱਚਦਾ,
ਹਾਲੇ ਮੈਂ ਬਣਿਆ ਹਾਂ,
ਅਖਵਾ ਨਹੀਂ ਸਕਦਾ,
ਖੁਦ ਨੂੰ ਸੰਤ ॥
ਲਾ ਲਵੇ,
ਸ਼ਾਇਦ ਕਦੇ ਮੈਨੂੰ ਚਰਨੀ,
ਮੇਰਾ ਪਿਆਰਾ ਕੰਤ ॥



ਸੰਤ ਬਣਨਾ,
ਕੰਮ ਬੜਾ ਕਠਿਨ ਹੈ,
ਇਹ ਕੰਮ ਨਹੀਂ ਐਨਾ ਸੌਖਾ ॥
ਪਰ ਐਵੇਂ ਖੁਦ ਨੂੰ,
ਸੰਤ ਕਹਾ ਕੇ,
ਮੈਂ ਦੇਣਾ ਨਹੀਂ ਚਾਹੁੰਦਾ ਧੋਖਾ ॥

ਸੰਤ ਸੰਤ ਤਾਂ,
ਹਰ ਕੋਈ ਕਰਦਾ,
ਸੱਚਾ ਸੰਤ ਤਾਂ ਕੋਈ ਹੋਊ ॥
ਗੁਰਬਾਣੀ ਭੀ,
ਇਹ ਹੀ ਕਹਿੰਦੀ,
'ਕੋਟਨ ਮੈਂ ਨਾਨਕ ਕੋਊ ॥'

ਇਸ ਗੁਰਾਂ ਦੀ ਧਰਤੀ ਉੱਤੇ,
ਮੈਨੂੰ ਦਿਸਦਾ ਨਹੀਂ,
ਕੋਈ ਸ਼ਹਿਰ ਗਰਾਂ ॥
ਜਿਥੇ ਨਾ ਹੋਵੇ,
ਡੇਰਾ ਸਾਧ ਦਾ,
ਜਾਂ ਕਿਸੇ ਸੰਤ ਦੀ ਸਰਾਂ ॥

ਇੱਟ ਚੁੱਕੀ ਤੋਂ,
ਸੰਤ ਨੇ ਮਿਲਦੇ,
ਥਾਂ ਥਾਂ ਉੱਤੇ ਲਗੇ ਫਟੇ ॥
ਧਰਮਾਂ ਦੇ ਨਾਂ 'ਤੇ
ਲੁੱਟਣ ਲੋਕਾਂ ਨੂੰ,
ਪਾ ਉਹਨਾਂ ਦੀ ਅੱਖੀਂ ਘਟੇ ॥

ਖੋਹ ਲੈਂਦੇ,
ਉਮਰਾਂ ਦੀ ਕਮਾਈ,
ਮਾਇਆ ਨੂੰ ਦੱਸ ਕੇ ਇਹ ਸਪਣੀ ॥
ਪਰ ਕਦੇ ਨਾਂ,
ਭੁੱਖ ਪੂਰੀ ਹੁੰਦੀ,
ਇਹਦੇ ਨਾਲ ਉਹਨਾਂ ਦੀ ਆਪਣੀ ॥

ਬਣਾ ਕੇ ਭੇਖ,
ਇਹ ਸਾਧਾਂ ਵਾਲਾ,
ਇੱਜ਼ਤ ਇਹ ਲੋਕਾਂ ਦੀ ਲੁਟਣ ॥
ਵਸਾਉਂਦੇ ਨਹੀਂ,
ਘਰ ਇਹ ਆਪਣੇ ਭਾਵੇਂ
ਪਰ ਵਸਦੇ ਘਰ ਲੋਕਾਂ ਦੇ ਪੁੱਟਣ ॥

ਬਾਹਰੋਂ ਭੇਖ ਸਾਧੂਆਂ ਵਾਲਾ,
ਪਰ ਅੰਦਰੋਂ ਇਹ,
ਹਵਸ ਦੇ ਸ਼ਿਕਾਰੀ ॥
ਆਪਣੇ ਜਾਲ,
ਇਹਨਾਂ ਫੈਲਾਏ,
ਫਸਾਉਂਦੇ ਨਿਤ ਨਵੀਂ ਕੋਈ ਨਾਰੀ ॥

ਪਿਛੇ ਲਾ ਕੇ,
ਇਹ ਔਰਤਾਂ ਨੂੰ,
ਇਕ ਕਹਾਵਤ ਪੁਰਾਣੀ,
ਸੱਚ ਨੇ ਕਰਦੇ ॥
ਕਹਿੰਦੇ,
ਗੁਰੂ ਬਣ ਜਾਣ,
ਜੋ ਔਰਤਾਂ ਦੇ,
ਉਹ ਕਦੇ ਭੁੱਖੇ ਨਾ ਮਰਦੇ ॥

ਲੋਕਾਂ ਨੂੰ,
ਇਹ ਪੁੱਤ ਨੇ ਵੰਡਦੇ,
ਕਰਕੇ ਆਪਣੇ ਮੂੰਹ ਨੂੰ ਕਾਲਾ ॥
ਇੱਜ਼ਤ ਲੁੱਟਾ ਕੇ,
ਭੋਲੇ ਬੰਦੇ,
ਮਾਰ ਲੈਂਦੇ ਆਪਣੇ ਮੂੰਹ ਨੂੰ ਤਾਲਾ ॥

ਕਿਰਤ ਕਮਾਈ,
ਇਹ ਨਾ ਕਰਦੇ,



ਇਹ ਤਾਂ ਪਲ ਰਹੀਆਂ ਨੇ ਜੋਕਾਂ ॥
ਗਲ ਵਿਚ ਪਾ ਕੇ,
ਰੇਸ਼ਮੀ ਕੱਪੜੇ,
ਪੱਗਾਂ ਦੀਆਂ ਕਰ ਤਿੱਖੀਆਂ ਨੋਕਾਂ ॥

ਆਮ ਤੁਸਾਂ ਨੇ,
ਸੁਣਿਆ ਹੋਏਗਾ,
ਗੁਰੂ ਦਿੰਦਾ ਹੈ ਕੰਨ 'ਚ ਮੰਤਰ ॥
ਕੇਹੜੀ ਕੰਨ ਵਿਚ,
ਉਹ ਫੂਕ ਮਾਰਦਾ,
ਪਤਾ ਲਗਾ ਜਾਏਗਾ ਤੁਹਾਨੂੰ ਅੰਤਰ ॥

"ਕੰਨਾ ਮੰਨਾ ਕੁਰੱ ॥
ਤੂੰ ਮੇਰਾ ਚੇਲਾ ਮੈਂ ਤੇਰਾ ਗੁਰੱ ॥"

ਇਹ ਅਧਰਮੀ,
ਦੁੱਧ ਪੀਣੇ ਮੰਜਨੂੰ,
ਕਰਦੇ ਲੋਕਾਂ ਨਾਲ ਨੇ ਧੱਕਾ ॥
ਟੁੱਕੜਬੋਚ,
ਕੋਈ ਚੇਲਾ ਇਹਨਾਂ ਦਾ,
ਕਹਿੰਦਾ ਮੇਰਾ ਗੁਰੂ ਹੈ ਪੱਕਾ ॥

ਬੜੇ ਜੋਸ਼ ਨਾਲ,
ਭੋਲੇ ਲੋਕਾਂ ਨੂੰ,
ਗੱਲ ਉਹੋ ਗੁਰੂ ਦੀ ਦੱਸਦਾ ॥
ਮੇਰਾ ਗੁਰੂ,
ਬੜਾ ਕਰਾਮਾਤੀ,
ਤਲੀਆਂ ਉਹਦੀਆਂ ਵਿਚ,
ਰੱਬ ਹੈ ਵਸਦਾ ॥
ਸੁਣਕੇ ਹਾਸੋਹੀਣੀ,
ਐਸੀ ਗੱਲ ਨੂੰ,
ਸੱਚਾ ਸਿੱਖ ਸਦਾ ਹੈ ਹੱਸਦਾ ॥

ਕਰਦੇ ਧੋਖਾ,
ਜੋ ਨਾਲ ਲੋਕਾਂ ਦੇ,
ਇਹ ਸੰਤ ਨਹੀਂ,
ਇਹ ਸੱਜਣ ਠੱਗ ਨੇ
ਸੰਤ ਕੀ,
ਇਹ ਤਾਂ ਸਿੱਖ ਭੀ ਨਹੀਂ,
ਭਾਵੇਂ ਖੁੱਲ੍ਹੇ ਦਾਹੜੇ,
ਤੇ ਸਿਰਾਂ 'ਤੇ ਪੱਗ ਨੇ ॥

ਸੰਤ ਕੀ ਨਿੰਦਾ,
ਕਹਿੰਦੇ ਮਾੜੀ,
ਪਰ ਪਹਿਲਾਂ ਕੋਈ,
ਸੰਤ ਤਾਂ ਹੋਵੇ ॥
ਜੇ ਸਮਝ ਲਵੇ ਤੁਸੀਂ,
ਸੰਤ ਕੌਣ ਹੈ,
ਇਸ ਪਾਖੰਡ ਦਾ,
ਅੰਤ ਤਾਂ ਹੋਵੇ ॥

'ਜਿਸੁ ਮਿਲਿਐ ਮਨ ਹੋਇ ਅਨੰਦੁ
ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ
ਹਰਿ ਪਰਮ ਪਦੁ ਲਹੀਐ ॥'

ਸੰਤ ਨੂੰ ਮਿਲ ਕੇ,
ਕੋਈ ਸ਼ੱਕ ਨਾ ਰਹਿੰਦਾ,
ਪਰ ਐਸੇ ਸੰਤ,
ਇਸ ਜੱਗ ਤੇ ਵਿਰਲੇ ॥
ਮਾਇਆ ਸ਼ਤੀਰੀ ਨੂੰ,
ਜੋ ਜੱਫੇ ਮਾਰਕੇ ਬੈਠੇ,
ਮਿਲਣਗੇ ਲੱਖਾਂ ਤੁਹਾਨੂੰ ਕਿਰਲੇ ॥

ਕਈ ਗ੍ਰੰਥ ਸਾਹਿਬ ਦਾ,
ਪ੍ਰਕਾਸ਼ ਭੀ ਕਰਦੇ,



ਪਰ ਸਮਝਣ ਇਹਨੂੰ ਆਪਣੀ ਪੂੰਜੀ ॥
ਭੋਲੇ ਸਿੱਖਾਂ ਲਈ,
ਇਹ ਇਕ ਦਿਖਾਵਾ,
ਕਹਿਣ "ਸੰਤਨ ਹਥਿ ਰਾਖੀ ਕੂੰਜੀ ॥"

ਗੁਰਬਾਣੀ ਭੀ,
ਇਹ ਹੀ ਕਹਿੰਦੀ,
ਸੰਤ ਪੁਰਖ ਕੀ ਨਿੰਦਾ ਨਾ ਕਰਨੀ ॥
ਮਾੜਾ ਤੁਸੀਂ,
ਜੇ ਕਿਹਾ ਸੰਤਾਂ ਨੂੰ,
ਸਜ਼ਾ ਇਹਦੀ ਪਊ ਤੁਹਾਨੂੰ ਭਰਨੀ ॥

ਭੰਨ ਤੋੜ ਕੇ,
ਇਹ ਅਰਥ ਨੇ ਕਰਦੇ,
ਜੋ ਇਹਨਾਂ ਦੇ ਮਨ ਨੂੰ ਭਾਉਂਦੇ ॥
ਝੂਠ ਫਰੇਬ ਦੇ,
ਦੋ ਵੱਟੇ ਲੈ ਕੇ,
ਅਧਰਮੀ ਦੇ ਹੱਟ ਚਲਾਉਂਦੇ ॥

ਸ਼ਬਦ ਦੀ ਸੋਝੀ,
ਨਾ ਇਹਨਾਂ ਨੂੰ ਕੋਈ,
ਇਹ ਅੰਨ੍ਹੇ ਤੇ,
ਇਹ ਬੋਲੇ ਭੀ ॥
ਪਿਛੇ ਜੋ,
ਇਹਨਾਂ ਦੇ ਲੱਗੇ,
ਉਹ ਬੁਧੂ ਭੀ,
ਉਹ ਭੋਲੇ ਭੀ ॥

ਖੂਹ ਨਹੀਂ ਜਾਂਦਾ,
ਕਦੇ ਪਿਆਸੇ ਕੋਲੇ,
ਪਿਆਸਾ ਆਉਂਦਾ,
ਚਲ ਖੂਹ ਦੇ ਕੋਲੇ ॥
ਪਰ ਇਹ ਖੂਹ ਤਾਂ,

ਘਰ ਘਰ ਭਟਕਣ,
ਪਾ ਕੇ ਗਲਾਂ 'ਚ ਰੇਸ਼ਮੀ ਚੋਲੇ ॥

ਸਮਝ ਨਹੀਂ ਆਉਂਦੀ,
ਮੈਨੂੰ ਇਹੋ,
ਜੋ ਖ਼ੁਦ ਨੂੰ ਸਿੱਖ ਨੇ ਅਖ਼ਵਾਉਂਦੇ ॥
ਟੇਕ ਕੇ ਮੱਥਾ,
ਇਹਨਾਂ ਦੇਹ ਧਾਰੀਆਂ ਨੂੰ,
ਕਿਉਂ ਐਡਾ ਉਹ ਪਾਪ ਕਮਾਉਂਦੇ ॥

ਮਿਲਿਆ ਨਹੀਂ,
ਜਿਸ ਗੁਰੂ ਦੇ ਦਰ ਤੋਂ,
ਇਹਨਾਂ ਦੇ ਕੋਲ ਕੀ ਹੈ ਮਿਲਨਾ?
ਖਿੜਿਆ ਨਹੀਂ,
ਜੋ ਫੁਲ ਦਰਿਆ ਦੇ ਕੰਢੇ,
ਫੇਰ ਮਾਰੂਥਲ ਵਿਚ,
ਉਸ ਕੀ ਹੈ ਖਿਲਨਾ?

ਜਿਹੜਾ ਸਿੱਖ,
ਦਰ ਛੱਡ ਗੁਰੂ ਦਾ,
ਹੋਰ ਥਾਵਾਂ 'ਤੇ ਜਾ ਸੁਖ ਭਾਲੇ ॥
ਗੁਰੂ ਅਮਰਦਾਸ ਜੀ,
ਇੰਜ ਹੈ ਲਿਖਿਆ,
ਦੇਖ ਉਹਨਾਂ ਸਿੱਖਾਂ ਦੇ ਚਾਲੇ ॥

"ਸਤਗੁਰੂ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ।
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ।
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰ ਜਾਲੇ।"

ਭਟਕ ਗਿਆ,
ਜੋ ਅੰਨ੍ਹਾ ਖ਼ੁਦ ਰਾਹਾਂ ਤੋਂ,
ਉਹ ਕਿਸੇ ਨੂੰ ਕੀ ਰਾਹ ਪਾਏਗਾ ॥
ਭਰੇਗਾ ਢਿੱਡ,



ਉਹ ਕੀ ਭੁੱਖਿਆਂ ਦਾ,
ਜੋ ਖ਼ੁਦ ਹੀ ਮੰਗ
ਲੋਕਾਂ ਤੋਂ ਖਾਏਗਾ ॥

ਬਾਬੇ ਨਾਨਕ ਦੇ ਵੇਲੇ ਭੀ,
ਕਿਰਦਾਰ ਇਹਨਾਂ ਦਾ ਐਸਾ ਹੀ ਰਿਹਾ ॥
ਚਾਲੇ ਦੇਖ ਇਹਨਾਂ ਪਾਖੰਡੀ ਸਾਧਾਂ ਦੇ,
ਬਾਬੇ ਨਾਨਕ ਇੰਜ ਸੀ ਕਿਹਾ ॥
'ਕਾਨ ਫਰਾਇ ਹਿਰਾਏ ਟੂਕਾ ॥
ਘਰਿ ਘਰਿ ਮਾਗੈ ਤ੍ਰਿਪਤਾਵਨ ਤੇ ਚੂਕਾ ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥
ਵੇਸਿ ਨ ਪਾਈਐ ਮਹਾ ਦੁਖਿਆਰੀ ॥'

ਹਾਲਾਤ ਇਹੋ ਜਿਹਾ ਦੀ ਤੱਕ ਕੇ,
ਗੁਰੂ ਅਮਰਦਾਸ ਜੀ ਇੰਜ ਫੁਰਮਾਏ ॥
'ਗੁਰੂ ਸਦਾਏ ਅਗਿਆਨੀ ਅੰਧਾ
ਕਿਸੁ ਓਹੁ ਮਾਰਗਿ ਪਾਏ ॥'

ਭਗਤ ਕਬੀਰ ਨੇ,
ਜੋ ਕਿਹਾ ਇਹਨਾਂ ਦੇ ਬਾਰੇ,
ਉਹ ਤਾਂ ਜਾਣੇ ਜਗ।
'ਗਜ ਸਾਢੇ ਤੈ ਤੈ ਧੋਤੀਆਂ
ਤਿਹਰੇ ਪਾਇਨਿ ਤਗ ॥
ਗਲੀ ਜਿਨ੍ਹਾ ਜਪਮਾਲੀਆ
ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਿਸ ਕੇ ਠਗ।'

ਦੁਨੀਆਂ ਦੇ ਹਰ ਕੋਣੇ ਅੰਦਰ,
ਜੋ ਇਹਨਾਂ ਪਾਖੰਡੀਆਂ ਗੰਦ ਖਿਲਾਰੇ ॥
ਨਿਤ ਨਵਾਂ ਪੜ੍ਹਨੇ ਨੂੰ ਮਿਲਦਾ,
ਕੀਕੀ ਕਰਦੇ ਛੁਪ ਇਹ ਕਾਰੇ ॥

ਨਕਲੀ ਨੋਟ ਹੋਏ,
ਭਾਵੇ ਅਸਲੀ ਵਰਗਾ,
ਸ਼ਾਇਦ ਆਮ ਬੰਦਾ ਤਾਂ ਨਾਂ ਪਛਾਣੇ ॥
ਪਰਖ ਲੈਂਦੇ ਨੇ,
ਸ਼ਾਹੂਕਾਰ ਉਹਨਾਂ ਨੂੰ,
ਜਿਹਨਾਂ ਨੇ ਉਹ ਤਿਜੋਰੀ ਪਾਣੇ ॥

ਇਹਨਾਂ ਪਾਖੰਡੀ ਸਾਧਾਂ ਖਾਤਿਰ,
ਭਾਈ ਗੁਰਦਾਸ ਪਿਆ ਇਹ ਗੱਲ ਆਖੈ ॥
"ਗੁਛਾ ਹੋਇ ਧ੍ਰਿਕੋਨੂਆ ਕਿਉ ਵੜੀਐ ਦਾਖੈ।
ਅਕੈ ਕੇਰੀ ਖਖੜੀ ਕੋਈ ਅੰਬ ਨਾ ਆਖੈ।
ਗਹਿਣੇ ਜਿਉ ਜਰਪੋਸ ਦੇ ਨਹੀਂ ਸੋਇਨ ਸਾਖੈ।
ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ।
ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗਣ ਗਾਖੈ।
ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁਭਾਖੈ।"

ਭਾਈ ਗੁਰਦਾਸ ਨੇ,
ਸਿੱਖ ਦੇ ਤਾਈਂ,
ਦਿੱਤੀ ਸੀ ਇਹ ਸਾਨੂੰ ਸਿੱਖਿਆ ॥
ਕੱਚੇ ਪਿੱਲੇ ਢੋਂਗੀ,
ਗੁਰੂਆਂ ਪਿਛੇ ਲੱਗੇ,
ਅਗਿਆਨੀ ਪੁਰਸ਼ਾਂ ਬਾਰੇ ਲਿਖਿਆ ॥

'ਸਤਿਗੁਰੂ ਸਾਹਿਬ ਛਡਿ ਕੈ,
ਮਨਮੁਖ ਹੋਇ ਬੰਦੇ ਦਾ ਬੰਦਾ।
ਹੁਕਮੀ ਬੰਦਾ ਹੋਇਕੈ,
ਨਿਤ ਵੂਠਿ ਜਾਇ ਸਲਾਮ ਕਰੰਦਾ।
ਅਠ ਪਹਰ ਹਥ ਜੋੜਿ ਕੈ,
ਹੋਹੀ ਹਜ਼ੂਰੀ ਖੜਾ ਰਹੰਦਾ।
ਨੀਂਦ ਨ ਭੁਖ ਨ ਸੁਖ ਤਿਸੁ,
ਸੂਲੀ ਚੜ੍ਹਿਆ ਰਹੈ ਡਰੰਦਾ।
ਪਾਣੀ ਪਾਲਾ ਧੁਪ ਛਾਉ,
ਸਿਰ ਉਤੈ ਝਲਿ ਦੁਖ ਸਹੰਦਾ।
....ਗੁਰੁ ਪੂਰੇ ਵਿਣੁ ਜੂਨਿ ਭਵੰਦਾ।'



ਜੇ ਸ਼ਾਹ ਤੁਸੀਂ,
ਕੋਈ ਬਣਾਉਣਾ ਆਪਣਾ,
ਕੋਈ ਐਸਾ ਸ਼ਾਹ ਬਣਾਉ ॥
ਝੁਕਣਾ ਨਾ ਪਵੇ,
ਕਿਸੇ ਪਾਤਸ਼ਾਹ ਦੇ ਅੱਗੇ,
ਪਾਤਿਸ਼ਾਹ ਦਾ ਪਾਤਸ਼ਾਹ ਬਣਾਉ ॥

ਭਾਈ ਗੁਰਦਾਸ ਨੇ,
ਇਹ ਹੈ ਦਸਿਆ,
ਕੈਸਾ ਹੋਵੇ ਸ਼ਾਹ।
ਪਰ ਲੱਖਾਂ ਚੋਂ,
ਕੋਈ ਇਕ ਹੈ,
ਜੋ ਚਲਦਾ ਸੱਚੀ ਰਾਹ ॥

"ਦਾਤਾ ਉਹ ਨ ਮੰਗੀਐ,
ਫਿਰਿ ਮੰਗਣਿ ਜਾਈਐ।
ਹੋਛਾ ਸ਼ਾਹ ਨ ਕੀਚਈ,
ਫਿਰਿ ਪਛੋਤਾਈਐ।
ਸਾਹਿਬ ਓਹੁ ਨਾ ਸੇਵੀਐ,
ਜਮ ਦੰਡ ਸਹਾਈਐ।
ਹਉਮੈ ਰੋਗੁ ਨ ਕੱਟਈ,
ਓਹੁ ਵੈਦ ਨਾ ਲਾਈਐ।
ੂ ਯਮਤਿ ਮੈਲ ਨ ਉਤਰੈ,
ਕਿਉ ਤੀਰਥ ਨਾਈਐ।"

ਗੁਰੂ ਹਰਗੋਬਿੰਦ ਜੀ ਕਿਹਾ,
ਇਹਨਾਂ ਲਈ,
ਜੋ ਪਾਉਂਦੇ ਸੰਤਪੁਣੇ ਦੀ ਖੱਪ ॥
ਮੁਕਤੀ ਇਹਨਾਂ ਨੂੰ,
ਕਦੇ ਨਾ ਮਿਲਣੀ,
ਇਹਨਾਂ ਨੇ ਬਣਨਾ ਸੱਪ ॥

ਉਸ ਵੇਲੇ,
ਪਛਤਾਉਣਗੇ ਇਹੋ,
ਜਦੋਂ ਲੰਘੇ ਰਾਹ ਇਹ ਭੀੜੇ ॥
ਚੇਲੇ ਚੱਪਟੇ ਭੀ,
ਰੁਲਣਗੇ ਨਾਲੇ,
ਬਣਕੇ ਉਹ ਸੁੰਡ ਤੇ ਕੀੜੇ ॥

ਖਾਧਾ ਹੈ,
ਇਹਨਾਂ ਧਾਨ ਹਰਾਮ ਦਾ,
ਉਸ ਵੇਲੇ ਇਹ ਇਨਾਂ ਸੋਚਣਾ।
ਜਦੋਂ ਇਹਨਾਂ ਦੇ,
ਚੇਲੇ ਚਪਟਿਆਂ,
ਬਣਕੇ ਕੀੜੇ ਇਹਨਾਂ ਨੂੰ ਨੋਚਣਾ ॥

ਕਲਗੀਧਰ ਜੀ ਨੇ,
ਜਦੋਂ ਪੰਜਾਬ ਛਡਿਆ,
ਕਈ ਸੋਢੀ ਗੁਰੂ ਬਣਕੇ ਬਹਿ ਗਏ ॥
ਐਸੇ ਡਿੰਬੀ ਗੁਰੂਆਂ ਦੇ ਲਈ।
ਕਲਗੀਆਂ ਵਾਲੇ,
ਇਹ ਗੱਲ ਕਹਿ ਗਏ ॥

"ਕਾਹੇ ਕੋ ਡਿੰਭ ਕਰੈ ਮਨ ਮੂਰਖ,
ਡਿੰਭ ਕਰੇ ਅਪਨੀ ਪਤ ਖੈ ਹੈ ॥
ਕਾਹੇ ਕੋ ਲੋਗ ਠਗੇ ਠਗ ਲੋਗਨ,
ਲੋਕ ਗਯੋ ਪਰਲੋਕ ਗਵੈ ਹੈ ॥
ਦੀਨ ਦਿਆਲ ਕੀ ਠਉਰ ਜਹਾਂ,
ਤਿਹ ਠਉਰ ਬਿਖੈ ਤੁਹਿ ਠਉਰ ਨ ਐ ਹੈ ॥
ਚੇਤ ਰੇ ਚੇਤ,
ਅਚੇਤ ਮਹਾਂ ਜੜ੍ਹ,
ਭੇਖ ਕੇ ਕੀਨੇ ਅਲੇਖ ਨ ਪੈ ਹੈ ॥"

ਸੱਚਾ ਸੰਤ,
ਜੇ ਹਰ ਕਾ ਹੋਊ,



ਉਹ ਕਰਾਉਂਦਾ ਨਹੀਂ,
ਕਦੇ ਆਪਣੀ ਪੂਜਾ ॥
ਟੁੱਟਿਆਂ ਨੂੰ,
ਉਹ ਰੱਬ ਨਾਲ ਜੋੜੂ,
ਰਾਹ ਨਹੀਂ ਦਸੂ,
ਉਹ ਕੋਈ ਦੂਜਾ ॥

ਐਸੇ ਸੰਤਾਂ ਤੋਂ,
ਨਾਨਕ ਨੇ ਮੰਗੀ,
ਸਦਾ ਉਹਨਾਂ ਦੀ ਚਰਨਾਂ ਦੀ ਧੂੜ ॥
ਪਰ ਅੱਜਕਲ ਦੇ,
ਇਹ ਸੰਤ ਅਖੋਤੀ,
ਇਕੱਠੇ ਹੋਏ ਨੇ ਸਾਰੇ ਕੂੜ ॥

ਐ ਬੰਦੇ ਪਿੱਛੇ ਲਗਕੇ
ਇਹਨਾਂ ਪਖੰਡੀਆਂ ਦੇ
ਐਵੇਂ ਨਾ ਤੂੰ ਜੀਵਨ ਗਾਲ ॥
ਰਾਮ ਤੇਰੇ ਵਿਚ
ਰਮਿਆ ਹੋਇਆ
ਖੁਦਾ ਨੂੰ ਤੂੰ ਲੈ ਖੁਦ ਵਿਚ ਭਾਲ ॥

ਆਉਂਦੇ ਹੋ,
ਤੁਸੀਂ ਨਿੱਤ ਗੁਰਦੁਆਰੇ,
ਟੇਕਦੇ ਹੋਏ ਤੁਸੀਂ
ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ॥
ਸਬਦ ਕੀਰਤਨ ਭੀ,
ਤੁਸੀਂ ਸੁਣਦੇ ਹੋ,
ਸੁਣਦੇ ਹੋ,
ਤੁਸੀਂ ਇਹਨਾ ਦੀ ਕਥਾ ॥

ਪਰ ਐਨਾ ਕੁਛ,
ਕਰਨ ਦੇ ਪਿਛੋਂ ਭੀ,

ਨਹੀਂ ਪੈਂਦਾ ਕੁਝ ਸਾਡੇ ਪੱਲੇ ॥
ਭਾਈ ਮਲਿਕ,
ਬਹਿ ਗਏ ਗੱਦੀਆਂ,
ਅਸੀਂ ਫੇਰ ਥੱਲੇ ਦੇ ਥੱਲੇ ॥

ਕਰਨੀ ਸੀ,
ਜਿਹਨਾਂ ਗੁਰੂ ਘਰਾਂ ਦੀ ਸੇਵਾ,
ਉਹ ਸਭ ਤਾਂ ਵਜ਼ੀਰ ਬਣ ਕੇ ਬਹਿ ਗਏ ॥
ਘਰ ਦੀ ਹੀ,
ਉਹ ਘੜ ਕੇ ਮਰਿਯਾਦਾ,
ਜੋ ਮੂੰਹ ਆਈ,
ਉਹ ਗੱਲ ਕਹਿ ਗਏ ॥
ਅੱਜ ਕੱਲ ਗੁਰੂ ਘਰਾਂ ਦੇ ਅੰਦਰ,
ਵਜ਼ੀਰ ਬਹੁਤ ਨੇ,
ਥੋਹੜੇ ਸੇਵਕ ਰਹਿ ਗਏ ॥

ਬਦਕਿਸਮਤੀ ਹੈ,
ਇਹ ਸਿੱਖ ਕੌਮ ਦੀ,
ਪਤਾ ਨਹੀਂ ਕੀ,
ਦਿਲ ਇਹਨਾਂ ਦੇ ਆਈ ॥
ਜਿਸ ਤੋਂ ਵਰਜਿਆ ਸੀ,
ਸਾਨੂੰ ਸਤਿਗੁਰਾਂ,
ਅਜ ਬ੍ਰਾਹਮਣ ਬਣ ਕੇ,
ਬਹਿ ਗਏ ਭਾਈ ॥

ਕਰੇ ਕਰਾਏ,
ਅੱਜ ਪਾਠ ਨੇ ਮਿਲਦੇ,
ਖਰੀਦ ਲਵੋ,
ਤੁਸੀਂ ਜਾ ਕੇ ਹਰਿਮੰਦਰ ॥
ਦੱਖਣਾ ਲੈ ਕੇ,
ਨਾਂ ਲਾਉਣ ਤੁਹਾਡੇ,
ਕੋਈ ਬੁਰਾ ਨਹੀਂ,
ਸਮਝਦੇ ਇਸ ਅੰਦਰ ॥



ਕੀ ਉਮੀਦ,
ਤੁਸੀਂ ਰੱਖਦੇ ਹੋ ਆਗੂਆਂ ਤੋਂ,
ਉਹਨਾਂ ਦੀ ਹੀ ਮੋਹਰ ਹੈ,
ਇਸ 'ਤੇ ਲੱਗੀ ॥
ਦੋਹਾਂ ਹੱਥਾਂ ਨਾਲ,
ਉਹ ਰੱਜ ਰੱਜ ਖਾਂਦੇ,
ਗੁਰੂ ਘਰਾਂ 'ਚੋਂ ਕਰਕੇ ਠੱਗੀ ॥

ਸਰਾਧ ਅੱਗੇ,
ਖਾਂਦੇ ਸੀ ਬ੍ਰਾਹਮਣ,
ਅੱਜ ਖਾਂਦੇ ਨੇ ਪੰਜ ਪਿਆਰੇ ॥
ਕਿਹਾ ਗੁਰਾਂ ਨੇ,
ਮੈਂ ਨਾਲ ਤੁਹਾਡੇ,
ਜਦ ਤੱਕ ਤੁਸੀਂ ਰਹੇ ਨਿਆਰੇ ॥

ਕੁਛ ਨਹੀਂ ਲੁਕਾਇਆ,
ਤੁਹਾਥੋਂ ਗੁਰਾਂ ਨੇ,
ਸਭ ਕੁਛ ਸਿੰਘੋ ਤੁਹਾਡੇ ਪਾਸ ॥
ਪਾਠ ਕਰਨ ਲਈ,
ਜੇ ਨਾ ਕੋਈ ਭਾਈ ਮੰਨਦਾ,
ਕਰ ਸਕਦੇ ਉਹ,
ਤੁਸੀਂ ਖੁਦ ਅਰਦਾਸ ॥

ਗੁਰੂ ਦੇ ਨਾਲ,
ਤੁਹਾਡੀ ਸਿੱਧੀ ਗੱਲ ਹੈ,
ਚਾਹੀਦਾ ਨਹੀਂ ਕੋਈ ਵਕੀਲ ॥
'ਬਿਨਾਂ ਪੈਸਿਆਂ,
ਪਾਠ ਨਾ ਲਗਦੇ',
ਸੁਣਨੀ ਨਾ ਕੋਈ ਐਸੀ ਦਲੀਲ ॥

ਤੰਗ ਇਹਨਾਂ ਵਜ਼ੀਰਾਂ ਦੇ ਕੋਲੋਂ,
ਆਇਆ ਹੈ ਜੱਗ ਸਾਰਾ ॥
ਕਾਰੇ ਇਹਨਾਂ ਦੇ ਅੱਖੀ ਤੱਕ ਕੇ,
ਲਿਖ ਗਿਆ ਦਰਸ਼ਨ ਸਿੰਘ ਅਵਾਰਾ ॥

"ਘੁੰਡ ਮੁਖੜੇ ਤੋਂ ਚਾ ਉਹ ਯਾਰ,
ਪਾ ਕੇ ਪਾਣੀ ਵਿਚ ਮਧਾਣੀ,
ਐਵੇਂ ਕਿਉਂ ਪਈ ਬਾਂਹ ਥਕਾਣੀ,
ਛੱਡ ਖਾਂ ਇੰਜ ਬੁਝਾਰਤ ਪਾਣੀ,
ਸਿੱਧੀ ਤੋਰ ਦੇ ਪ੍ਰੀਤ ਕਹਾਣੀ,
ਮੈਨੂੰ ਹਿਹਨਾਂ ਵਕੀਲਾਂ ਅੱਗੇ,
ਨਾ ਚਟੀਆਂ ਭਰਵਾ ਉਏ ਯਾਰ,
ਘੁੰਡ ਮੁਖੜੇ ਤੋਂ ਚਾ ਉਹ ਯਾਰ।

ਪਾਏ ਨੇ ਜਿਹੜੇ ਵਿਚ ਵਿਚੋਲੇ,
ਇਹਨਾਂ ਤੋਂ ਸੜ ਹੋਇਆ ਕੋਲੇ,
ਉਪਰੋਂ ਦਿਸਦੇ ਭੋਲੇ ਭੋਲੇ,
ਵਿਚੋਂ ਨੇ ਪਰ ਅੱਗੇ ਦੇ ਗੋਲੇ,
ਮਿਲਣਾ ਏ ਤਾਂ ਸਿੱਧਾ ਮਿਲ,
ਇਹਨਾਂ ਵੱਸ ਨਾ ਪਾ ਉਏ ਯਾਰ।
ਘੁੰਡ ਮੁਖੜੇ ਤੋਂ ਚਾ ਉਹ ਯਾਰ।"

ਕਰਨਾ ਨਾ ਭਾਇਓ,
ਮੇਰੀ ਗੱਲ ਦਾ ਗੁੱਸਾ,
ਤੁਸੀਂ ਸੇਵਕ ਹੋ ਵਜ਼ੀਰ ਨਹੀਂ ॥
ਖੁਦ ਹੀ ਤੁਹਾਨੂੰ,
ਮਹਿਸੂਸ ਹੋਏਗਾ,
ਕੋਈ ਸ਼ੈਅ ਸੇਵਾ ਦੇ ਨਜ਼ੀਰ ਨਹੀਂ ॥

ਸਮਝਕੇ ਹੁਕਮ,
ਜੋ ਗੁਰਾਂ ਨੇ ਦਿੱਤਾ,
ਉਹ ਸਾਨੂੰ ਸਮਝਾਉਣਾ ਹੈ ॥
ਤੁਹਾਡਾ ਕੰਮ,
ਭੁੱਲੇ ਭਟਕਿਆਂ ਨੂੰ,
ਸਿੱਧੇ ਰਾਹ 'ਤੇ ਪਾਉਣਾ ਹੈ ॥

ਲੋੜ ਨਹੀਂ ਕਿਸੇ ਦੇਹਧਾਰੀ ਦੀ,
ਸਿੱਖਾਂ ਦੇ ਲਈ ਸ਼ਬਦ ਗੁਰੂ ਹੈ ॥



ਇਹ ਹੀ ਗੁਰੂ ਸੀ,
ਗੁਰੂ ਨਾਨਕ ਦਾ,
ਇਸ ਤੋਂ ਹੀ ਹੋਈ ਸਿੱਖੀ ਸ਼ੁਰੂ ਹੈ ॥

ਗੁਰੂ ਨਾਨਕ ਵਿੱਚ,
ਜੋ ਜੋਤ ਸੀ,
ਉਹ ਉਹਨਾਂ ਅੰਗਦ ਵਿਚ ਪਾਈ ॥
ਹੁੰਦੀ ਹੋਈ,
ਬਾਕੀ ਗੁਰੂਆਂ ਥਾਨੀ,
ਉਹੀ ਜੋਤ ਗੋਬਿੰਦ 'ਚ ਆਈ ॥
ਗੁਰੂ ਗ੍ਰੰਥ ਨੂੰ,
ਜਦੋਂ ਬਖਸ਼ੀ ਗੱਦੀ,
ਉਹੀ ਜੋਤ,
ਉਹਨਾਂ ਗ੍ਰੰਥ ਸਾਹਿਬ 'ਚ ਟਿਕਾਈ।
ਉਹਦੇ ਵਿੱਚ,
'ਤੇ ਗ੍ਰੰਥ ਸਾਹਿਬ 'ਚ,
ਫਰਕ ਨਾ ਕੋਈ,
ਇਹ ਗੱਲ ਉਹਨਾਂ ਇੰਜ ਸਮਝਾਈ ॥

'ਆਤਮਾ ਗ੍ਰੰਥ ਵਿੱਚ,
ਸਰੀਰ ਪੰਥ ਵਿੱਚ।"

ਪ੍ਰਗਟ ਗੁਰਾਂ ਦੇ ਦੇਹ ਹੈ ਇਹੋ,
ਇਕੱਠੀ ਜੋਤ ਹੈ ਇਹ ਦਸਾਂ ਜੋਤੀਆਂ ਦੀ ॥
ਇਹ ਇਕ ਲਫਜ਼,
ਇਹ ਦਾ ਕੀਮਤੀ,
ਇਹ ਖਾਨ ਹੈ ਸੁੱਚੇ ਮੋਤੀਆਂ ਦੀ ॥

ਬੜਾ ਵੱਡਾ ਹੈ,
ਤੁਹਾਡਾ ਵਿਰਸਾ ਸਿੰਘੋ,
ਤੁਹਾਡੇ ਜਿਹਾ,
ਕੋਈ ਅਮੀਰ ਨਹੀਂ ॥
ਲਭ ਲਵੇ,

ਇਸ ਵਿਚ ਮਾਰ ਕੇ ਡੁੱਬੀਂ,
ਚਾਹੀਦਾ ਕੋਈ ਸੰਤ ਜਾਂ ਪੀਰ ਨਹੀਂ ॥

ਇਹਨਾਂ ਪਾਖੰਡੀ,
ਸਾਧਾਂ ਦਾ ਭਾਂਡਾ,
ਰਲ ਸਾਰਿਆਂ ਨੇ ਭੰਨਣਾ ਹੈ।
ਸਿੰਘੋ ਸਿਰਫ਼,
ਗੁਰੂ ਗ੍ਰੰਥ ਹੈ ਸਾਡਾ,
ਨਹੀਂ ਕੋਈ ਦੇਹਧਾਰੀ ਗੁਰੂ ਮੰਨਣਾ ਹੈ।

"ਪਰਚਾ ਸ਼ਬਦ ਦਾ,
ਦੀਦਾਰ ਖਾਲਸੇ ਦਾ,
ਪੂਜਾ ਅਕਾਲ ਕੀ।"
ਜੇ ਇਹ ਗੱਲ,
ਤੁਸੀਂ ਚੇਤੇ ਰੱਖੋ ਗੁਰਾਂ ਦੀ,
ਫੇਰ ਮੇਲ ਦੋਗਲਿਆਂ ਨਾਲ ਕੀ।

ਛੁਡਾ ਲਵੋ,
ਇਹਨਾਂ ਪਾਖੰਡੀਆਂ ਤੋਂ ਪੱਲਾ,
ਕਰੋ ਜੋ ਤੁਹਾਡਾ ਗੁਰੂ ਹੈ ਕਹਿੰਦਾ।
'ਭੱਜੀ' ਧਿਆਨ ਧਰ,
ਤੂੰ ਵੀ ਅਕਾਲ ਪੁਰਖ ਦਾ,
ਹੋ ਸਕੇ ਸਦਾ ਉਠਦਾ ਬਹਿੰਦਾ।

ਰੱਬ

# ਸਮਰਪਣ

ਤੇਰੇ ਸਾਮ੍ਹਣੇ ਐ ਮੇਰੇ ਮਾਲਿਕ
ਇਹ ਤੁੱਛ ਜੇਹੀ ਭੇਂਟ ਹੈ ਮੇਰੀ।
ਜੇ ਇਸ ਨੂੰ ਕਬੂਲ ਕਰ ਲਵੇਂ
ਤਾਂ ਇਹ ਕਿਰਪਾ ਹੋਵੇਗੀ ਤੇਰੀ।
ਤੈਨੂੰ ਤਾਂ ਕੋਈ ਫਰਕ ਨਹੀਂ ਪੈਂਦਾ
ਕੋਈ ਨਿੰਦਾ ਕਰੇ ਜਾਂ ਵਡਿਆਈ।
ਮੈਂ ਤਾਂ ਬਸ ਉਹ ਕੁਛ ਹੀ ਲਿਖਿਆ
ਜੋ ਤੇਰੀ ਮੈਨੂੰ ਸਮਝ ਹੈ ਆਈ।

